# ਹਾਂਗਕਾਂਗ ਤੱਥ ਸ਼ੀਟ - ਪੁਲਿਸ

## ਪੁਲਿਸ

ਹਾਂਗਕਾਂਗ ਪੁਲਿਸ ਬਲ ਨੇ ਆਪਣੇ ਆਪ ਨੂੰ ਦੁਨੀਆ ਦੇ ਸਭ ਤੋਂ ਪੁਰਾਣੇ, ਪਰ ਸਭ ਤੋਂ ਆਧੁਨਿਕ, ਪੁਲਿਸ ਬਲਾਂ ਵਿੱਚੋਂ ਇੱਕ ਵਜੋਂ ਵੱਖ ਕੀਤਾ ਹੈ।

1844 ਵਿੱਚ ਬਣਾਈ ਗਈ, ਫੋਰਸ ਇੱਕ ਬਹੁਤ ਹੀ ਵਿਆਪਕ-ਆਧਾਰਿਤ ਭੂਮਿਕਾ ਤੋਂ ਵਿਕਸਤ ਹੋਈ, ਜਿਸ ਵਿੱਚ ਅੱਗ-ਬੁਝਾਊ, ਜੇਲ੍ਹਾਂ ਅਤੇ ਇਮੀਗ੍ਰੇਸ਼ਨ ਵਰਗੇ ਮਾਮਲਿਆਂ ਨੂੰ ਇੱਕ ਰਵਾਇਤੀ ਪੁਲਿਸ ਸੇਵਾ ਵਿੱਚ ਸ਼ਾਮਲ ਕੀਤਾ ਗਿਆ। 30 ਜੂਨ, 2023 ਤੱਕ, ਫੋਰਸ ਦੀ ਗਿਣਤੀ 27 185 ਹੈ, ਜਿਸ ਵਿੱਚ 18 ਪ੍ਰਤੀਸ਼ਤ ਮਹਿਲਾ ਅਧਿਕਾਰੀ ਹਨ। ਇਸ ਵਿੱਚ 4 066 ਸਿਵਲੀਅਨ ਸਟਾਫ ਵੀ ਹੈ।

ਹਾਂਗਕਾਂਗ ਔਕਜਸੀਲਰੀ ਪੁਲਿਸ ਫੋਰਸ (HKAPF) ਮੂਲ ਰੂਪ ਵਿੱਚ 1914 ਵਿੱਚ ਕੁਦਰਤੀ ਆਫ਼ਤ ਜਾਂ ਸਿਵਲ ਐਮਰਜੈਂਸੀ ਦੇ ਸਮੇਂ ਵਿੱਚ ਸਹਾਇਤਾ ਲਈ ਇੱਕ ਰਿਜ਼ਰਵ ਵਜੋਂ ਬਣਾਈ ਗਈ ਸੀ। 30 ਜੂਨ, 2023 ਤੱਕ, HKAPF ਵਿੱਚ 3 203 ਵਾਲੰਟੀਅਰ ਨਾਗਰਿਕ ਸ਼ਾਮਲ ਹਨ। ਬਦਲਦੇ ਮਾਹੌਲ ਨਾਲ ਤਾਲਮੇਲ ਰੱਖਣ ਲਈ ਸਹਾਇਕ ਪੁਲਿਸ ਦੀ ਭੂਮਿਕਾ ਸਮੇਂ ਦੇ ਨਾਲ ਬਦਲ ਗਈ ਹੈ। ਇਹ ਹੁਣ ਨਿਯਮਤ ਫੋਰਸ ਦੇ ਸਮਰਥਨ ਵਿੱਚ ਇੱਕ ਰਾਖਵੀਂ ਸਿੱਖਿਅਤ ਮੈਨਪਾਵਰ ਹੈ ਅਤੇ ਪੁਲਿਸ ਕਮਿਸ਼ਨਰ ਦੁਆਰਾ ਨਿਰਧਾਰਤ ਪ੍ਰਚਲਿਤ ਸੰਚਾਲਨ ਤਰਜੀਹਾਂ ਦੇ ਅਨੁਸਾਰ ਤੈਨਾਤ ਕੀਤੀ ਜਾਂਦੀ ਹੈ।

ਇਹ ਫੋਰਸ ਰਾਸ਼ਟਰੀ ਸੁਰੱਖਿਆ, ਜਾਨ-ਮਾਲ ਦੀ ਰਾਖੀ, ਅਪਰਾਧ ਨੂੰ ਰੋਕਣ ਅਤੇ ਖੋਜਣ ਅਤੇ ਸਮਾਜ ਵਿੱਚ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਸਮਰਪਿਤ ਹੈ। ਫੋਰਸ ਹਮੇਸ਼ਾ ਕਮਿਊਨਿਟੀ ਸਮਰਥਨ ਪ੍ਰਾਪਤ ਕਰਨ ਅਤੇ ਫੋਰਸ ਵਿੱਚ ਜਨਤਾ ਦੇ ਵਿਸ਼ਵਾਸ ਨੂੰ ਬਣਾਈ ਰੱਖਣ ਦੀ ਕੋਸ਼ਿਸ਼ ਕਰਦੀ ਹੈ, ਇਹ ਯਕੀਨੀ ਬਣਾਉਣ ਲਈ ਕਿ ਹਾਂਗਕਾਂਗ ਦੁਨੀਆ ਦੇ ਸਭ ਤੋਂ ਸੁਰੱਖਿਅਤ ਅਤੇ ਸਭ ਤੋਂ ਸਥਿਰ ਸਮਾਜਾਂ ਵਿੱਚੋਂ ਇੱਕ ਬਣਿਆ ਰਹੇ।

**ਢਾਂਚਾ:** ਫੋਰਸ ਦੀ ਕਮਾਂਡ ਪੁਲਿਸ ਕਮਿਸ਼ਨਰ ਦੁਆਰਾ ਕੀਤੀ ਜਾਂਦੀ ਹੈ ਜਿਸਦੀ ਸਹਾਇਤਾ ਤਿੰਨ ਡਿਪਟੀ ਕਮਿਸ਼ਨਰਾਂ ਦੁਆਰਾ ਕੀਤੀ ਜਾਂਦੀ ਹੈ।

ਇੱਕ ਡਿਪਟੀ ਕਮਿਸ਼ਨਰ ਸਾਰੇ ਸੰਚਾਲਨ ਮਾਮਲਿਆਂ ਦੀ ਨਿਗਰਾਨੀ ਕਰਦਾ ਹੈ ਅਤੇ ਇੱਕ ਕਰਮਚਾਰੀ, ਸਿਖਲਾਈ ਅਤੇ ਪ੍ਰਬੰਧਨ ਸੇਵਾਵਾਂ ਸਮੇਤ ਫੋਰਸ ਦੇ ਪ੍ਰਬੰਧਨ ਦੇ ਨਿਰਦੇਸ਼ ਅਤੇ ਤਾਲਮੇਲ ਲਈ ਜ਼ਿੰਮੇਵਾਰ ਹੁੰਦਾ ਹੈ। ਤੀਜੇ ਨੂੰ ਰਾਸ਼ਟਰੀ ਸੁਰੱਖਿਆ ਦੀ ਰਾਖੀ ਕਰਨ ਦਾ ਕੰਮ ਸੌਂਪਿਆ ਗਿਆ ਹੈ।

ਫੋਰਸ ਹੈੱਡਕੁਆਰਟਰ ਛੇ ਵਿਭਾਗਾਂ ਦਾ ਬਣਿਆ ਹੈ: ਓਪਰੇਸ਼ਨ; ਅਪਰਾਧ ਅਤੇ ਸੁਰੱਖਿਆ; ਕਰਮਚਾਰੀ ਅਤੇ ਸਿਖਲਾਈ; ਪ੍ਰਬੰਧਨ ਸੇਵਾਵਾਂ; ਵਿੱਤ, ਪ੍ਰਸ਼ਾਸਨ ਅਤੇ ਯੋਜਨਾ; ਅਤੇ ਰਾਸ਼ਟਰੀ ਸੁਰੱਖਿਆ। ਰੋਜ਼ਾਨਾ ਪੁਲਿਸ ਸੇਵਾ ਲਈ, ਪੂਰੇ ਹਾਂਗਕਾਂਗ ਦੇ ਖੇਤਰ ਨੂੰ ਛੇ ਪੁਲਿਸ ਖੇਤਰਾਂ ਵਿੱਚ ਦਰਸਾਇਆ ਗਿਆ ਹੈ, ਜਿਵੇਂ ਕਿ ਹਾਂਗਕਾਂਗ ਆਈਲੈਂਡ, ਕੌਲੂਨ ਈਸਟ, ਕੌਲੂਨ ਵੈਸਟ, ਨਿਊ ਟੈਰੀਟਰੀਜ਼ ਨੌਰਥ, ਨਿਊ ਟੈਰੀਟਰੀਜ਼ ਸਾਊਥ ਅਤੇ ਸਮੁੰਦਰੀ। ਸੰਬੰਧਿਤ ਖੇਤਰੀ ਹੈੱਡਕੁਆਰਟਰ ਵਿੱਚ ਅਪਰਾਧਿਕ ਜਾਂਚ, ਸੰਚਾਲਨ, ਪ੍ਰਸ਼ਾਸਨ ਅਤੇ ਆਵਾਜਾਈ (ਸਮੁੰਦਰੀ ਖੇਤਰ ਨੂੰ ਛੱਡ ਕੇ) ਸਮੇਤ ਵੱਖ-ਵੱਖ ਗਠਨ ਸ਼ਾਮਲ ਹੁੰਦੇ ਹਨ। ਹਰੇਕ ਖੇਤਰ ਵਿੱਚ ਕਈ ਜ਼ਿਲ੍ਹੇ ਸ਼ਾਮਲ ਹੁੰਦੇ ਹਨ ਜਿੱਥੇ ਜ਼ਿਲ੍ਹਾ ਕਮਾਂਡਰ ਸਥਾਨਕ ਪੁਲਿਸ ਦੇ ਮੁੱਦਿਆਂ ਦੀ ਨਿਗਰਾਨੀ ਕਰਨ ਲਈ ਜ਼ਿੰਮੇਵਾਰ ਹੁੰਦੇ ਹਨ। ਰੇਲਵੇ ਪ੍ਰਣਾਲੀ ਵਿਚ ਕਾਨੂੰਨ ਅਤੇ ਵਿਵਸਥਾ ਲਈ, ਜੋ ਕਿ ਪੂਰੇ ਖੇਤਰ ਵਿਚ ਚਲਦਾ ਹੈ ਜੋ ਕਿ ਕਾਉਲੂਨ ਪੂਰਬੀ ਖੇਤਰ ਦੀ ਕਮਾਂਡ ਅਧੀਨ ਰੇਲਵੇ ਡਿਸਟ੍ਰਿਕਟ ਕੋਲ ਹੈ।

ਸਮੁੰਦਰੀ ਪੁਲਿਸ, 100 ਤੋਂ ਵੱਧ ਪੁਲਿਸ ਕਰਾਫਟਾਂ ਦੇ ਬੇੜੇ ਦੇ ਨਾਲ, ਹਾਂਗਕਾਂਗ ਅਤੇ 261 ਬਾਹਰਲੇ ਟਾਪੂਆਂ ਦੇ ਅੰਦਰ ਲਗਭਗ 1 641 ਕਿਮੀ2 ਪਾਣੀਆਂ ਦਾ ਗਸ਼ਤ ਕਰਦੀ ਹੈ। ਤਕਨੀਕੀ ਤੌਰ 'ਤੇ ਉੱਨਤ ਤੱਟਵਰਤੀ ਸੁਰੱਖਿਆ ਅਤੇ ਰਾਡਾਰ ਪ੍ਰਣਾਲੀਆਂ ਨੂੰ ਅਪਣਾ ਕੇ ਅਤੇ ਉੱਚ ਪ੍ਰਦਰਸ਼ਨਕਾਰੀ ਬੇੜਿਆਂ ਨੂੰ ਤੈਨਾਤ ਕਰਕੇ, ਸਮੁੰਦਰੀ ਪੁਲਿਸ ਖੇਤਰ ਦੇ ਸਮੁੱਚੇ ਸਮੁੰਦਰੀ ਭਾਈਚਾਰੇ ਨੂੰ ਪ੍ਰਭਾਵਸ਼ਾਲੀ ਅਤੇ ਉੱਚ ਗੁਣਵੱਤਾ ਵਾਲੀਆਂ ਸੇਵਾਵਾਂ ਪ੍ਰਦਾਨ ਕਰਦੀ ਹੈ। ਸਮੁੰਦਰੀ ਪੁਲਿਸ ਹਾਂਗਕਾਂਗ ਦੇ ਪਾਣੀਆਂ ਦੇ ਅੰਦਰ ਕਾਨੂੰਨ ਅਤੇ ਵਿਵਸਥਾ ਬਣਾਈ ਰੱਖਣ ਲਈ ਵੀ ਜ਼ਿੰਮੇਵਾਰ ਹੈ, ਜਿਸ ਵਿੱਚ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਰੋਕਣਾ ਅਤੇ ਤਸਕਰੀ ਦੀਆਂ ਗਤੀਵਿਧੀਆਂ 'ਤੇ ਰੋਕ ਲਗਾਉਣਾ, ਖੋਜ ਅਤੇ ਬਚਾਅ ਕਾਰਜਾਂ ਦਾ ਸੰਚਾਲਨ ਕਰਨਾ, ਅਤੇ ਸਮੁੰਦਰੀ ਸੁਰੱਖਿਆ ਨੂੰ ਵਧਾਉਣ ਲਈ ਸਮੁੰਦਰੀ ਭਾਈਚਾਰੇ ਨੂੰ ਸ਼ਾਮਲ ਕਰਨਾ । ਸਮੁੰਦਰੀ ਪੁਲਿਸ ਅੱਤਵਾਦ ਜਾਂ ਵੱਡੀਆਂ ਸਮੁੰਦਰੀ ਘਟਨਾਵਾਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਜਵਾਬ ਦੇਣ ਲਈ 37 ਅੰਤਰਰਾਸ਼ਟਰੀ ਸ਼ਿਪਿੰਗ ਅਤੇ ਬੰਦਰਗਾਹ ਸੁਰੱਖਿਆ ਸਹੂਲਤਾਂ ਲਈ ਸੁਰੱਖਿਆ ਆਡਿਟ ਕਰਵਾਉਣ ਵਿੱਚ ਸਮੁੰਦਰੀ ਡਾਇਰੈਕਟਰ ਦੀ ਸਹਾਇਤਾ ਕਰਦੀ ਹੈ। ਪੁਲਿਸ ਬੇੜਾ ਵਰਤਮਾਨ ਵਿੱਚ $4 ਬਿਲੀਅਨ ਤੋਂ ਵੱਧ

ਮੁੱਲ ਦੇ ਆਧੁਨਿਕੀਕਰਨ ਪ੍ਰੋਗਰਾਮ ਵਿੱਚੋਂ ਲੰਘ ਰਿਹਾ ਹੈ ਜਿਸ ਵਿੱਚ ਤਾਲਮੇਲ ਨੂੰ ਵਧਾਉਣ ਲਈ ਸਮੁੰਦਰੀ ਸਥਿਤੀ ਸੰਬੰਧੀ ਜਾਗਰੂਕਤਾ ਪ੍ਰਣਾਲੀ ਨੂੰ ਅਪਣਾਇਆ ਜਾਣਾ ਸ਼ਾਮਲ ਹੈ।

**ਓਪਰੇਸ਼ਨ:** ਓਪਰੇਸ਼ਨ ਵਿਭਾਗ, ਜਿਸ ਵਿੱਚ ਆਪਰੇਸ਼ਨ ਵਿੰਗ, ਸਪੋਰਟ ਵਿੰਗ, ਜਨਤਕ ਸੰਬੰਧ (ਪੀ.ਆਰ.) ਵਿੰਗ ਅਤੇ ਛੇ ਪੁਲਿਸ ਖੇਤਰ ਸ਼ਾਮਲ ਹਨ, ਜੋ ਵੱਖ-ਵੱਖ ਸੰਚਾਲਨ ਮਾਮਲਿਆਂ ਲਈ ਜ਼ਿੰਮੇਵਾਰ ਹੈ।

ਆਪ੍ਰੇਸ਼ਨ ਵਿੰਗ ਅੱਤਵਾਦ ਵਿਰੋਧੀ, ਅੰਦਰੂਨੀ ਸੁਰੱਖਿਆ, ਸੀਮਾ ਸੁਰੱਖਿਆ, ਬੰਬ ਨਕਾਰਾ ਕਰਨਾ, ਵੱਡੀਆਂ ਗਤਿਵਿਧਿਆਂ /ਘਟਨਾਵਾਂ ਦਾ ਪ੍ਰਬੰਧਨ ਆਦਿ ਸਮੇਤ ਵੱਖ-ਵੱਖ ਸੰਚਾਲਨ ਸੰਬੰਧੀ ਮੁੱਦਿਆਂ ਦੀ ਫੋਰਸ ਨੀਤੀ ਦਾ ਧਾਰਕ ਹੈ।

ਪੁਲਿਸ ਟੈਕਟੀਕਲ ਯੂਨਿਟ (ਪੀ.ਟੀ.ਯੂ.) ਲਈ, ਫੋਰਸ ਕੋਲ ਕੁੱਲ ਸੱਤ ਸਥਾਪਿਤ ਕੰਪਨੀਆਂ ਅਤੇ ਦੋ ਸਿਖਲਾਈ ਕੰਪਨੀਆਂ ਹਨ, ਜੋ ਵੱਡੀਆਂ ਘਟਨਾਵਾਂ ਦੌਰਾਨ ਭੀੜ ਪ੍ਰਬੰਧਨ ਡਿਊਟੀਆਂ ਨਿਭਾਉਣ ਅਤੇ ਕਿਸੇ ਵੀ ਐਮਰਜੈਂਸੀ ਦਾ ਜਵਾਬ ਦੇਣ ਲਈ ਜ਼ਰੂਰੀ ਮਨੁੱਖੀ ਸ਼ਕਤੀ ਪ੍ਰਦਾਨ ਕਰਦੀਆਂ ਹਨ, ਨਾਲ ਹੀ ਰੋਜ਼ਾਨਾ ਅਪਰਾਧ ਵਿਰੋਧੀ ਕਾਰਵਾਈਆਂ ਅਤੇ ਖੇਤਰਾਂ ਵਿੱਚ ਜਨਤਕ ਸਮਾਗਮਾਂ ਦਾ ਪ੍ਰਬੰਧਨ ਵੀ ਕਰਦੇ ਹਨ । ਪੀ ਟੀ ਯੂ ਕੰਪਨੀਆਂ ਹੋਰ ਇਕਾਈਆਂ ਦੇ ਨਾਲ ਮਿਲ ਕੇ ਖੇਤਰੀ ਪ੍ਰਤੀਕਿਰਿਆ ਦਲਾਂ ਦਾ ਗਠਨ ਕਰਦੀਆਂ ਹਨ ਤਾਂ ਜੋ ਵੱਡੇ ਆਪ੍ਰੇਸ਼ਨਾਂ, ਵੱਡੇ ਪੱਧਰ 'ਤੇ ਜਨਤਕ ਵਿਗਾੜ ਦੀ ਸਥਿਤੀ ਅਤੇ ਹੋਰ ਐਮਰਜੈਂਸੀ ਲਈ ਤੇਜ਼ ਅਤੇ ਪ੍ਰਭਾਵੀ ਪ੍ਰਤੀਕਿਰਿਆ ਪ੍ਰਦਾਨ ਕੀਤੀ ਜਾ ਸਕੇ। ਪੀ ਟੀ ਯੂ ਹੈੱਡਕੁਆਰਟਰ ਫੋਰਸ ਦੇ ਅੰਦਰ ਅੰਦਰੂਨੀ ਸੁਰੱਖਿਆ, ਭੀੜ ਪ੍ਰਬੰਧਨ, ਵੱਡੀ ਘਟਨਾ ਨਾਲ ਨਜਿੱਠਣ ਆਦਿ ਬਾਰੇ ਸਿਖਲਾਈ ਪ੍ਰਦਾਨ ਕਰਨ ਲਈ ਜ਼ਿੰਮੇਵਾਰ ਹੈ।

ਸਪੋਰਟ ਵਿੰਗ ਸਪੋਰਟ ਬ੍ਰਾਂਚ ਅਤੇ ਟਰੈਫਿਕ ਬ੍ਰਾਂਚ ਹੈੱਡਕੁਆਰਟਰ (TBHQ) ਦੀ ਨਿਗਰਾਨੀ ਕਰਦਾ ਹੈ।

ਸਪੋਰਟ ਬ੍ਰਾਂਚ ਨਿਯਮਤ ਅਤੇ ਸਹਾਇਕ ਬਲਾਂ ਦੋਵਾਂ ਲਈ ਸੰਚਾਲਨ ਸਹਾਇਤਾ ਅਤੇ ਕਿੱਤਾਮੁਖੀ ਸੁਰੱਖਿਆ ਅਤੇ ਸਿਹਤ ਦੇ ਸਬੰਧ ਵਿੱਚ ਨੀਤੀਆਂ ਬਣਾਉਣ ਅਤੇ ਲਾਗੂ ਕਰਨ ਲਈ ਜ਼ਿੰਮੇਵਾਰ ਹੈ। ਇਹ ਫੋਰਸ ਦੇ ਵੱਖ-ਵੱਖ ਲਾਇਸੈਂਸਿੰਗ ਕਾਰਜਾਂ ਅਤੇ ਹੋਰ ਸੰਬੰਧਿਤ ਲਾਇਸੈਂਸਿੰਗ ਅਥਾਰਟੀਆਂ ਨੂੰ ਸਹਾਇਤਾ ਦੇ ਕਾਰਜਾਂ ਲਈ ਵੀ ਜ਼ਿੰਮੇਵਾਰ ਹੈ।

TBHQ ਟ੍ਰੈਫਿਕ ਮਾਮਲਿਆਂ 'ਤੇ ਫੋਰਸ ਦੀਆਂ ਤਰਜੀਹਾਂ, ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਤਿਆਰ ਕਰਨ, ਉਨ੍ਹਾਂ ਦੇ ਲਾਗੂ ਕਰਨ ਲਈ ਤਾਲਮੇਲ ਕਰਨ ਅਤੇ ਉਨ੍ਹਾਂ ਦੇ ਪ੍ਰਭਾਵਾਂ ਦੀ ਨਿਗਰਾਨੀ ਕਰਨ ਲਈ ਜ਼ਿੰਮੇਵਾਰ ਹੈ। ਇਹ ਸਾਰੇ ਟ੍ਰੈਫਿਕ ਮੁਕੱਦਮਿਆਂ ਦੀ ਪ੍ਰਕਿਰਿਆ ਕਰਦਾ ਹੈ ਅਤੇ ਟ੍ਰੈਫਿਕ-ਸਬੰਧਤ ਡੇਟਾ ਨੂੰ ਇਕੱਠਾ ਕਰਦਾ ਹੈ ਅਤੇ ਸੰਭਾਲਦਾ ਹੈ। TBHQ ਟ੍ਰੈਫਿਕ ਪ੍ਰਬੰਧਨ ਦੇ ਮਾਮਲਿਆਂ ਬਾਰੇ ਸਲਾਹ ਦਿੰਦਾ ਹੈ ਅਤੇ ਸਥਾਨਕ ਟ੍ਰੈਫਿਕ ਸਕੀਮਾਂ ਦੀ ਨਿਗਰਾਨੀ ਕਰਦਾ ਹੈ। ਇਹ ਸੜਕ ਸੁਰੱਖਿਆ ਵਿੱਦਿਅਕ ਅਤੇ ਲਾਗੂ ਕਰਨ ਵਾਲੇ ਪ੍ਰੋਗਰਾਮਾਂ ਨੂੰ ਵੀ ਤਿਆਰ ਕਰਦਾ ਹੈ, ਉਹਨਾਂ ਦਾ ਸਮਰਥਨ ਕਰਦਾ ਹੈ ਅਤੇ ਨਿਗਰਾਨੀ ਕਰਦਾ ਹੈ। ਇਸ ਤੋਂ ਇਲਾਵਾ, 2800 ਤੋਂ ਵੱਧ ਵਾਹਨਾਂ ਦੇ ਫੋਰਸ ਫਲੀਟ ਅਤੇ ਡਰਾਈਵਰ ਕਾਡਰ ਦਾ ਪ੍ਰਬੰਧਨ ਵੀ ਇਸ ਦੇ ਦਾਇਰੇ ਵਿੱਚ ਹੀ ਹੈ।

PR ਵਿੰਗ ਕਮਿਊਨਿਟੀ ਦੇ ਸਾਰੇ ਵਰਗਾਂ ਨਾਲ ਚੰਗੇ ਸਬੰਧ ਬਣਾਉਣ ਲਈ, ਕਮਿਊਨਿਟੀ ਨੂੰ ਸ਼ਾਮਿਲ ਕਰਕੇ , ਤਕਨਾਲੋਜੀਆਂ ਵਧਾ ਕੇ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਸ਼ਾਮਿਲ ਕਰਕੇ ਅਤੇ ਨਾਲ ਹੀ ਮੀਡੀਆ ਨਾਲ ਸਾਂਝੇਦਾਰੀ ਵਿੱਚ ਕੰਮ ਕਰਕੇ ਕਾਨੂੰਨ ਅਤੇ ਵਿਵਸਥਾ ਨੂੰ ਬਣਾਈ ਰੱਖਣ ਵਿੱਚ ਜਨਤਕ ਸਮਰਥਨ ਪ੍ਰਾਪਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਪੁਲਿਸ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਸਥਾਨਕ ਅਤੇ ਵਿਦੇਸ਼ੀ ਮੀਡੀਆ ਨੂੰ 24 ਘੰਟੇ ਪ੍ਰਸਾਰਿਤ ਕੀਤੀ ਜਾਂਦੀ ਹੈ।

ਇੰਟਰ-ਡਿਪਾਰਟਮੈਂਟਲ ਕਾਊਂਟਰ ਟੈਰੋਰਿਜ਼ਮ ਯੂਨਿਟ (ICTU) ਅਪ੍ਰੈਲ 2018 ਵਿੱਚ ਸਥਾਪਿਤ ਕੀਤਾ ਗਿਆ ਸੀ, ਜਿਸ ਵਿੱਚ ਛੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਸ਼ਾਮਿਲ ਹਨ , ਅਰਥਾਤ ਕਸਟਮ ਅਤੇ ਆਬਕਾਰੀ ਵਿਭਾਗ, ਕੁਰੈਕਸਨਲ ਸਰਵਿਸਿਜ਼ ਵਿਭਾਗ, ਫਾਇਰ ਸਰਵਿਸਿਜ਼ ਵਿਭਾਗ, ਸਰਕਾਰੀ ਉਡਾਣ ਸੇਵਾ, ਹਾਂਗਕਾਂਗ ਪੁਲਿਸ ਫੋਰਸ ਅਤੇ ਇਮੀਗ੍ਰੇਸ਼ਨ ਵਿਭਾਗ ਦੇ ਮੈਂਬਰ ਸ਼ਾਮਲ ਸਨ। ICTU ਗਲੋਬਲ ਅੱਤਵਾਦ ਦੇ ਰੁਝਾਨਾਂ ਦੀ ਨਿਗਰਾਨੀ ਅਤੇ ਵਿਸ਼ਲੇਸ਼ਣ ਕਰਨ ਅਤੇ ਸੀਟੀ-ਸਬੰਧਤ ਮਾਮਲਿਆਂ 'ਤੇ ਸੁਰੱਖਿਆ ਲਈ ਸਕੱਤਰ ਨੂੰ ਰਣਨੀਤਕ ਸਿਫ਼ਾਰਸ਼ਾਂ ਦੇਣ ਲਈ ਜ਼ਿੰਮੇਵਾਰ ਹੈ। ਆਈਸੀਟੀਯੂ ਮੈਂਬਰ ਵਿਭਾਗਾਂ ਵਿੱਚ ਸੀਟੀ ਇੰਟੈਲੀਜੈਂਸ ਦੇ ਤਾਲਮੇਲ ਅਤੇ ਵਿਸ਼ਲੇਸ਼ਣ ਨੂੰ ਵਧਾਉਣ ਲਈ ਇੱਕ ਅੰਤਰ-ਵਿਭਾਗੀ ਪਲੇਟਫਾਰਮ ਵੀ ਪ੍ਰਦਾਨ ਕਰਦਾ ਹੈ। ਸਬੰਧਤ ਵਿਭਾਗਾਂ ਵਿਚਕਾਰ ਨਜ਼ਦੀਕੀ ਤਾਲਮੇਲ ਅਤੇ ਨਿਰਵਿਘਨ ਸਹਿਯੋਗ ਨੂੰ ਉਤਸ਼ਾਹਿਤ ਕਰਨ ਲਈ, ICTU ਅੰਤਰ-ਵਿਭਾਗੀ ਸੀਟੀ ਅਭਿਆਸ ਅਤੇ ਸਿਖਲਾਈ ਦਾ ਆਯੋਜਨ ਵੀ ਕਰਦਾ ਹੈ, ਅਤੇ ਜਨਤਕ ਸਿੱਖਿਆ ਦੁਆਰਾ ਸੀਟੀ ਜਾਗਰੂਕਤਾ ਨੂੰ ਉਤਸ਼ਾਹਿਤ ਕਰਦਾ ਹੈ। ICTU CT ਰਿਪੋਰਟਿੰਗ ਹੌਟਲਾਈਨ 63-666-999 ਦਾ ਪ੍ਰਬੰਧਨ ਕਰਦਾ ਹੈ, ਜੋ ਲੋਕਾਂ ਨੂੰ ਅੱਤਵਾਦ ਜਾਂ ਹਿੰਸਾ ਸੰਬੰਧੀ ਜਾਣਕਾਰੀ ਪ੍ਰਦਾਨ ਕਰਨ ਲਈ ਉਤਸ਼ਾਹਿਤ ਕਰਦਾ ਹੈ ਅਤੇ CT ਵਿੱਚ 'ਸਪਾਟ ਐਂਡ ਰਿਪੋਰਟ' ਅਤੇ 'ਪੂਰੇ-ਸਮਾਜਿਕ' ਪਹੁੰਚ ਦੇ ਵਿਸ਼ੇ ਨੂੰ ਉਤਸ਼ਾਹਿਤ ਕਰਦਾ

ਹੈ। ਜਿਨ੍ਹਾਂ ਨੇ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕੀਤੀ ਹੈ ਉਨ੍ਹਾਂ ਨੂੰ ਮੌਜੂਦਾ ਇਨਾਮ ਵਿਧੀ ਦੇ ਤਹਿਤ ਇਨਾਮ ਦੀ ਰਕਮ ਮਿਲ ਸਕਦੀ ਹੈ।

ਜਦੋਂ ਕਿ ਰੋਜ਼ਾਨਾ ਗਸ਼ਤ ਅਤੇ ਅਪਰਾਧ ਵਿਰੋਧੀ ਡਿਊਟੀਆਂ, ਗਸ਼ਤ ਸਬ-ਯੂਨਿਟਾਂ ਅਤੇ ਐਮਰਜੈਂਸੀ ਯੂਨਿਟਾਂ ਦੁਆਰਾ ਦੇਖੀਆਂ ਜਾਂਦੀਆਂ ਹਨ, ਸਬੰਧਤ ਖੇਤਰੀ ਕਮਾਂਡ ਅਤੇ ਕੰਟਰੋਲ ਕੇਂਦਰ (RCCCs) ਖੇਤਰਾਂ ਦੇ ਅੰਦਰ ਪੁਲਿਸ ਸਰੋਤਾਂ ਦੇ ਤਾਲਮੇਲ ਅਤੇ ਤਾਇਨਾਤੀ ਲਈ ਜ਼ਿੰਮੇਵਾਰ ਹਨ। RCCC ਖੇਤਰ ਦੇ ਅੰਦਰ ਹੋਣ ਵਾਲੀਆਂ ਸਾਰੀਆਂ ਗਤੀਵਿਧੀਆਂ /ਘਟਨਾਵਾਂ ਦੀ ਨਿਗਰਾਨੀ ਕਰਦੇ ਹਨ , ਅਤੇ ਪੁਲਿਸ ਹੈੱਡਕੁਆਰਟਰ ਅਤੇ ਹੋਰ ਸਬੰਧਤ ਸਰਕਾਰੀ ਵਿਭਾਗਾਂ ਨੂੰ ਕਿਸੇ ਵੀ ਮਹੱਤਵਪੂਰਨ ਮਾਮਲਿਆਂ ਬਾਰੇ ਸੂਚਿਤ ਕਰਦੇ ਹਨ ।

ਰਿਜਨਲ ਟ੍ਰੈਫਿਕ ਯੂਨਿਟ ਸੜਕ ਦੁਰਘਟਨਾਵਾਂ ਦੀ ਜਾਂਚ, ਸੜਕ ਸੁਰੱਖਿਆ ਬਾਰੇ ਪ੍ਰਚਾਰ ਅਤੇ ਰੋਜ਼ਾਨਾ ਟ੍ਰੈਫਿਕ ਲਾਗੂ ਕਰਨ ਲਈ ਜ਼ਿੰਮੇਵਾਰ ਹਨ। ਟ੍ਰੈਫਿਕ ਵਾਰਡਨ ਕੋਰ ਪਾਰਕਿੰਗ ਅਪਰਾਧਾਂ ਅਤੇ ਵਧੀਆ ਵਾਹਨ ਇੰਜਣਾਂ ਦੇ ਨਾਲ-ਨਾਲ ਆਵਾਜਾਈ ਨੂੰ ਨਿਯਮਤ ਕਰਨ ਨਾਲ ਸਬੰਧਤ ਕਾਨੂੰਨਾਂ ਨੂੰ ਲਾਗੂ ਕਰਨ ਵਿੱਚ ਸਹਾਇਤਾ ਕਰਦੇ ਹਨ ।

**ਅਪਰਾਧ ਅਤੇ ਸੁਰੱਖਿਆ**: ਅਪਰਾਧ ਅਤੇ ਸੁਰੱਖਿਆ ਵਿਭਾਗ ਅਪਰਾਧਾਂ ਦੇ ਮਾਮਲਿਆਂ ਦੀ ਰੋਕਥਾਮ ਅਤੇ ਜਾਂਚ ਸੰਬੰਧੀ ਅਤੇ ਸੁਰੱਖਿਆ ਦੇ ਸਬੰਧ ਵਿਚ ਫੋਰਸ ਨੀਤੀਆਂ ਲਈ ਜ਼ਿੰਮੇਵਾਰ ਹੈ। ਕ੍ਰਾਈਮ ਵਿੰਗ ਵਿੱਚ ਕਈ ਸੰਚਾਲਨ ਬਿਊਰੋ ਅਤੇ ਵਿਸ਼ੇਸ਼ ਸਹਾਇਤਾ ਯੂਨਿਟ ਸ਼ਾਮਲ ਹੁੰਦੇ ਹਨ। ਸੰਚਾਲਨ ਬਿਊਰੋ ਅਪਰਾਧਿਕ ਗਤੀਵਿਧੀਆਂ ਦੇ ਖਾਸ ਖੇਤਰਾਂ ਨਾਲ ਨਜਿੱਠਦਾ ਹੈ, ਜਦੋਂ ਕਿ ਵਿਸ਼ੇਸ਼ ਸਹਾਇਤਾ ਯੂਨਿਟ ਫੋਰਸ ਵਿੱਚ ਵੱਖ-ਵੱਖ ਸੰਚਾਲਨ ਯੂਨਿਟਾਂ ਨੂੰ ਸਹਾਇਤਾ ਸੇਵਾਵਾਂ ਪ੍ਰਦਾਨ ਕਰਦੇ ਹਨ ਅਤੇ ਬਾਲ ਸ਼ੋਸ਼ਣ, ਘਰੇਲੂ ਹਿੰਸਾ ਅਤੇ ਗਵਾਹਾਂ ਦੀ ਸੁਰੱਖਿਆ ਸਮੇਤ ਮੁੱਦਿਆਂ ’ਤੇ ਨੀਤੀ ਨੂੰ ਸੰਭਾਲਦਾ ਹੈ । ਸੁਰੱਖਿਆ ਵਿੰਗ VIP ਸੁਰੱਖਿਆ ਪ੍ਰਦਾਨ ਕਰਦਾ ਹੈ, ਕੌਂਸਲੇਟਾਂ ਨਾਲ ਤਾਲਮੇਲ ਬਣਾਉਂਦਾ ਹੈ ਅਤੇ ਸੁਰੱਖਿਆ ਕਾਰਜਾਂ ਦਾ ਤਾਲਮੇਲ ਕਰਦਾ ਹੈ, ਜਿਸ ਵਿੱਚ ਅੱਤਵਾਦ ਵਿਰੋਧੀ ਅਤੇ ਸੰਬੰਧਿਤ ਸਿਖਲਾਈ ਸ਼ਾਮਲ ਹੁੰਦੇ ਹਨ ।

ਨਾਜ਼ੁਕ ਬੁਨਿਆਦੀ ਢਾਂਚਾ ਸੁਰੱਖਿਆ ਤਾਲਮੇਲ ਕੇਂਦਰ (CISCC) ਜੋਖਮ ਪ੍ਰਬੰਧਨ ਅਤੇ ਜਨਤਕ-ਨਿੱਜੀ ਭਾਈਵਾਲੀ ਰਾਹੀਂ ਨਾਜ਼ੁਕ ਸਹੂਲਤਾਂ ਦੀ ਸੁਰੱਖਿਆ ਅਤੇ ਲਚਕੀਲੇਪਨ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ। ਸੁਰੱਖਿਆ-ਦਰ-ਡਿਜ਼ਾਈਨ ਦੀਆਂ ਧਾਰਨਾਵਾਂ ਨੂੰ ਸਥਾਪਿਤ ਕਰਕੇ ਅਤੇ

ਪੇਸ਼ੇਵਰ ਸੁਰੱਖਿਆ ਸਿਫ਼ਾਰਿਸ਼ਾਂ ਪ੍ਰਦਾਨ ਕਰਕੇ, CISCC ਦਾ ਉਦੇਸ਼ ਰੱਖਿਆ, ਜਵਾਬ ਅਤੇ ਰਿਕਵਰੀ ਵਿੱਚ ਮਹੱਤਵਪੂਰਨ ਸਹੂਲਤਾਂ ਦੀ ਸਮਰੱਥਾ ਨੂੰ ਵਧਾਉਣਾ ਹੈ।

ਆਰਗੇਨਾਈਜ਼ਡ ਕ੍ਰਾਈਮ ਐਂਡ ਟ੍ਰਾਈਡ ਬਿਊਰੋ (OCTB) ਗੰਭੀਰ ਅਪਰਾਧਾਂ ਜਿਵੇਂ ਕਿ ਮਨੁੱਖੀ ਤਸਕਰੀ ਅਤੇ ਵਿਅਕਤੀਆਂ ਦੀ ਤਸਕਰੀ, ਸਿੰਡੀਕੇਟਿਡ ਵਾਇਸ, ਲੋਨ ਸ਼ੇਅਰਿੰਗ ਅਤੇ ਗੈਰ-ਕਾਨੂੰਨੀ ਕਰਜ਼ਾ ਵਸੂਲੀ, ਗੈਰ-ਕਾਨੂੰਨੀ ਬੁੱਕਮੇਕਿੰਗ, ਹਥਿਆਰਾਂ ਅਤੇ ਵਿਸਫੋਟਕਾਂ ਨਾਲ ਸਬੰਧਤ ਅਪਰਾਧਾਂ ਦੇ ਨਾਲ-ਨਾਲ ਵੱਡੀਆਂ ਜਨਤਕ ਵਿਗਾੜ ਦੀਆਂ ਸਥਿਤੀਆਂ, ਵੱਡੀਆਂ ਆਫ਼ਤਾਂ ਅਤੇ ਅੱਤਵਾਦੀ ਹਮਲੇ ਨੂੰ ਰੋਕਨ ਲਈ ਫੋਰਸ-ਵਾਈਡ ਸਰੋਤਾਂ ਦਾ ਤਾਲਮੇਲ ਕਰਦਾ ਹੈ।। ਇਹ ਬੁਰੇ ਸਮੂਹਾਂ ਨਾਲ ਸਬੰਧਤ ਸਾਰੀਆਂ ਗਤੀਵਿਧੀਆਂ ਅਤੇ ਅਪਰਾਧਾਂ ਨੂੰ ਨਿਸ਼ਾਨਾ ਬਣਾਉਦਾ ਹੈ ਅਤੇ ਛਾਣਬੀਣ ਕਰਦਾ ਹੈ।

ਕ੍ਰਿਮੀਨਲ ਇੰਟੈਲੀਜੈਂਸ ਬਿਊਰੋ (CIB) ਅਪਰਾਧਿਕ ਖੁਫੀਆ ਜਾਣਕਾਰੀ ਲਈ ਫੋਰਸ ਦੀ ਕੇਂਦਰੀ ਤਾਲਮੇਲ ਬਾਡੀ ਹੈ। ਇਹ OCTB ਅਤੇ ਹੋਰ ਕ੍ਰਾਈਮ ਵਿੰਗ ਬਿਊਰੋ ਦੇ ਨਾਲ ਮਿਲ ਕੇ ਕੰਮ ਕਰਦਾ ਹੈ ਅਤੇ ਬੁਰੀਆਂ ਸੰਗਤਾਂ ਅਤੇ ਸੰਗਠਿਤ ਅਪਰਾਧਾਂ ਨੂੰ ਨਿਸ਼ਾਨਾ ਬਣਾਉਣ ਵਿੱਚ ਪੁਲਿਸ ਗਠਨ ਨੂੰ ਸਹਾਇਤਾ ਪ੍ਰਦਾਨ ਕਰਦਾ ਹੈ। ਫੋਰਸ ਦੇ ਅੰਦਰ ਅਪਰਾਧਿਕ ਖੁਫੀਆ ਸਮਰੱਥਾ ਨੂੰ ਮਜ਼ਬੂਤ ਕਰਨ ਲਈ, CIB ਫਰੰਟਲਾਈਨ ਜਾਂਚਕਰਤਾਵਾਂ ਲਈ ਸੰਬੰਧਿਤ ਸਿਖਲਾਈ ਦਾ ਆਯੋਜਨ ਵੀ ਕਰਦੀ ਹੈ।

ਵਪਾਰਕ ਅਪਰਾਧ ਬਿਊਰੋ ਗੰਭੀਰ ਵਪਾਰਕ ਅਤੇ ਵਿੱਤੀ ਅਪਰਾਧਾਂ, ਮੁਦਰਾ ਯੰਤਰਾਂ ਦੀ ਜਾਅਲਸਾਜ਼ੀ, ਸਨਾਖਤੀ ਦਸਤਾਵੇਜ਼, ਭੁਗਤਾਨ ਕਾਰਡ, ਮੁਦਰਾਵਾਂ ਅਤੇ ਸਿੱਕਿਆਂ ਦੀ ਜਾਂਚ ਕਰਦਾ ਹੈ। ਇਹ ਸੰਬੰਧਿਤ ਅੰਤਰ-ਅਧਿਕਾਰ ਖੇਤਰ ਦੇ ਅਪਰਾਧਾਂ ਦੇ ਸਬੰਧ ਵਿੱਚ ਖੁਫੀਆ ਜਾਣਕਾਰੀ ਅਤੇ ਜਾਂਚ ਬੇਨਤੀਆਂ ਦੇ ਆਦਾਨ-ਪ੍ਰਦਾਨ ਲਈ ਮੇਨਲੈਂਡ ਅਤੇ ਅੰਤਰਰਾਸ਼ਟਰੀ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਨਾਲ ਨੇੜਿਓਂ ਸਹਿਯੋਗ ਕਰਦਾ ਹੈ। ਇਹ ਘੁਟਾਲੇ ਦੀ ਰੋਕਥਾਮ ਦੀਆਂ ਪਹਿਲਕਦਮੀਆਂ 'ਤੇ ਮਲਟੀ-ਏਜੰਸੀ ਦੇ ਸਹਿਯੋਗ ਅਤੇ ਸੋਸਲ ਮੀਡਿਆ ਦੇ ਵਧੇ ਹੋਏ ਇਸਤੇਮਾਲ ਦੇ ਰਾਹੀਂ ਭਾਈਚਾਰੇ ਦੇ ਵੱਖ-ਵੱਖ ਖੇਤਰਾਂ ਨੂੰ ਸ਼ਾਮਲ ਕਰਕੇ ਇੱਕ ਰਣਨੀਤਕ ਪਹੁੰਚ ਵੀ ਅਪਣਾਉਂਦੀ ਹੈ।

ਮਈ 2017 ਵਿੱਚ, ਫਰੌਡ ਐਂਡ ਮਨੀ ਲਾਂਡਰਿੰਗ ਇੰਟੈਲੀਜੈਂਸ ਟਾਸਕਫੋਰਸ ਦੀ ਸਥਾਪਨਾ ਹਾਂਗਕਾਂਗ ਮੁਦਰਾ ਅਥਾਰਟੀ, ਬੈਂਕਾਂ ਦੀ ਹਾਂਗਕਾਂਗ ਐਸੋਸੀਏਸ਼ਨ ਅਤੇ ਕਈ ਸਥਾਨਕ ਬੈਂਕਾਂ ਦੇ ਸਹਿਯੋਗ ਨਾਲ ਕੀਤੀ ਗਈ ਸੀ ਤਾਂ ਜੋ ਨਿਯਮਤ ਮੀਟਿੰਗਾਂ ਅਤੇ ਖੁਫੀਆ ਆਦਾਨ-ਪ੍ਰਦਾਨ

ਦੁਆਰਾ ਗੰਭੀਰ ਵਿੱਤੀ ਅਪਰਾਧਾਂ ਚ ਵਿਘਨ, ਰੋਕਥਾਮ ਅਤੇ ਖੋਜਣ ਨੂੰ ਵਧਾਇਆ ਅਤੇ ਹਾਂਗ ਕਾਂਗ ਵਿਚ ਮਨੀ ਲਾਂਡਰਿੰਗ ਦੇ ਖਤਰਿਆਂ ਦਾ ਪਤਾ ਲਗਾਇਆ ਜਾ ਸਕੇ। ਧੋਖਾਧੜੀ ਦੇ ਖਿਲਾਫ ਕਾਰਵਾਈਆਂ ਨੂੰ ਤੇਜ਼ ਕਰਨ ਅਤੇ ਵੱਖ-ਵੱਖ ਘੁਟਾਲਿਆਂ ਬਾਰੇ ਜਨਤਕ ਜਾਗਰੂਕਤਾ ਵਧਾਉਣ ਲਈ, ਆਮ ਲੋਕਾਂ ਲਈ 24 ਘੰਟੇ ਤਤਕਾਲ ਸਲਾਹ ਸੇਵਾਵਾਂ ਪ੍ਰਦਾਨ ਕਰਨ ਲਈ ਉਸੇ ਸਾਲ ਜੁਲਾਈ ਵਿੱਚ ਐਂਟੀ-ਡਿਸੈਪਸ਼ਨ ਕੋਆਰਡੀਨੇਸ਼ਨ ਸੈਂਟਰ ਦੀ ਸਥਾਪਨਾ ਕੀਤੀ ਗਈ ਸੀ।

ਤਕਨਾਲੋਜੀ ਅਪਰਾਧਾਂ ਅਤੇ ਸਾਈਬਰ ਸੁਰੱਖਿਆ ਘਟਨਾਵਾਂ ਦੀ ਗਿਣਤੀ ਹਾਲ ਹੀ ਦੇ ਸਾਲਾਂ ਵਿੱਚ ਲਗਾਤਾਰ ਵਧ ਰਹੀ ਹੈ। ਸਾਈਬਰ ਸੁਰੱਖਿਆ ਅਤੇ ਤਕਨਾਲੋਜੀ ਅਪਰਾਧ ਬਿਊਰੋ (CSTCB) ਤਕਨੀਕੀ ਅਪਰਾਧਾਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਮੁਕਾਬਲਾ ਕਰਨ ਅਤੇ ਹਾਂਗਕਾਂਗ ਦੀ ਸਾਈਬਰ ਸੁਰੱਖਿਆ ਦੀ ਰਾਖੀ ਕਰਨ ਲਈ ਸੰਚਾਲਨ, ਡਿਜੀਟਲ ਫੋਰੈਂਸਿਕ, ਸਿਖਲਾਈ, ਖੁਫੀਆ ਜਾਣਕਾਰੀ ਅਤੇ ਖੋਜ ਸਮੇਤ ਪ੍ਰਮੁੱਖ ਖੇਤਰਾਂ ਵਿੱਚ ਫੋਰਸ ਦੀਆਂ ਸਮਰੱਥਾਵਾਂ ਨੂੰ ਹੋਰ ਮਜ਼ਬੂਤ ਕਰਨ ਲਈ ਸਮਰਪਿਤ ਹੈ। CSTCB ਦੇ ਅਧੀਨ ਸਾਈਬਰ ਸੁਰੱਖਿਆ ਕੇਂਦਰ ਸਰਕਾਰ, ਬੈਂਕਿੰਗ ਅਤੇ ਵਿੱਤ, ਆਵਾਜਾਈ, ਸੰਚਾਰ ਅਤੇ ਜਨਤਕ ਉਪਯੋਗਤਾਵਾਂ ਦੇ ਖੇਤਰਾਂ ਵਿੱਚ ਨਾਜ਼ੁਕ ਬੁਨਿਆਦੀ ਢਾਂਚੇ ਲਈ ਚੌਵੀ ਘੰਟੇ ਸਾਈਬਰ ਸੁਰੱਖਿਆ ਸੁਰੱਖਿਆ ਪ੍ਰਦਾਨ ਕਰਦਾ ਹੈ। CSTCB ਨੇ ਸਾਈਬਰ ਰੇਂਜ ਦੀ ਸਥਾਪਨਾ ਵੀ ਕੀਤੀ ਹੈ, ਜੋ ਪੁਲਿਸ ਅਧਿਕਾਰੀਆਂ ਅਤੇ ਹੋਰ ਸਾਈਬਰ ਸੁਰੱਖਿਆ ਪ੍ਰੈਕਟੀਸ਼ਨਰਾਂ ਨੂੰ ਸਿਖਲਾਈ ਦੇਣ ਲਈ ਇੱਕ ਸੁਰੱਖਿਅਤ ਅਤੇ ਨਿਯੰਤਰਿਤ ਅਸਲ ਵਿੱਚ ਵਾਤਾਵਰਣ ਪ੍ਰਦਾਨ ਕਰਦੀ ਹੈ। ਵਾਤਾਵਰਣ ਨਕਲੀ ਸਾਈਬਰ ਹਮਲੇ ਅਤੇ ਰੱਖਿਆ ਦ੍ਰਿਸ਼ਾਂ ਲਈ ਇੱਕ ਸਿਖਲਾਈ ਪਲੇਟਫਾਰਮ ਪ੍ਰਦਾਨ ਕਰਦਾ ਹੈ, ਹਾਂਗਕਾਂਗ ਦੀ ਸਾਈਬਰ ਸਕਿਓਰਿਟੀ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਸਟੇਕਹੋਲਡਰ ਦੀ ਪੇਸ਼ੇਵਰ ਯੋਗਤਾ ਨੂੰ ਵਿਕਸਤ ਕਰਨ ਵਿੱਚ ਮਦਦ ਕਰਦਾ ਹੈ।

ਨਾਰਕੋਟਿਕਸ ਬਿਊਰੋ (NB) ਨਸ਼ੀਲੇ ਪਦਾਰਥਾਂ ਦੀ ਤਸਕਰੀ, ਨਿਰਮਾਣ, ਆਯਾਤ ਅਤੇ ਗੈਰ ਮਾਨਤਾ ਨਸ਼ਿਆਂ ਦੇਈ ਵੰਡ ਯਤਨਾਂ ਨੂੰ ਰੋਕਣ ਲਈ ਯਤਨ , ਨਸ਼ੀਲੇ ਪਦਾਰਥਾਂ ਦੇ ਗੰਭੀਰ ਮਾਮਲਿਆਂ ਦੇ ਸਬੰਧ ਵਿੱਚ ਜਾਂਚ ਅਤੇ ਖੁਫੀਆ ਜਾਣਕਾਰੀ ਇਕੱਠੀ ਕਰਦਾ ਹੈ। ਇਹ ਮੇਨਲੈਂਡ ਅਤੇ ਵਿਦੇਸ਼ੀ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਨਾਲ ਨੇੜਲੀ ਭਾਈਵਾਲੀ ਵਿੱਚ ਵੀ ਕੰਮ ਕਰਦਾ ਹੈ ਤਾਂ ਜੋ ਹਾਂਗਕਾਂਗ ਵਿੱਚ ਸ਼ਾਮਲ ਅੰਤਰਰਾਸ਼ਟਰੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੀਆਂ ਗਤੀਵਿਧੀਆਂ ਨੂੰ ਰੋਕਿਆ ਜਾ ਸਕੇ। ਇਹ ਕਿਸ਼ੋਰਾਂ ਦੀ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਪ੍ਰਤੀ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਲਈ ਇੱਕ ਬਹੁ-ਏਜੰਸੀ ਅਤੇ ਸਮੁਦਾਇ-ਆਧਾਰਿਤ ਪਹੁੰਚ ਨੂੰ ਅਪਣਾਉਂਦੀ ਹੈ।

ਵਿੱਤੀ ਖੁਫੀਆ ਅਤੇ ਜਾਂਚ ਬਿਊਰੋ (FIIB) ਮਨੀ ਲਾਂਡਰਿੰਗ ਅਤੇ ਅੱਤਵਾਦੀ ਵਿੱਤ ਮਾਮਲਿਆਂ ਦੀ ਜਾਂਚ ਕਰਦਾ ਹੈ, ਸ਼ੱਕੀ ਲੈਣ-ਦੇਣ ਦੀਆਂ ਰਿਪੋਰਟਾਂ ਦੀ ਪ੍ਰਕਿਰਿਆ ਅਤੇ ਵਿਸ਼ਲੇਸ਼ਣ ਕਰਦਾ ਹੈ, ਹੋਰ ਸਥਾਨਕ ਅਤੇ ਵਿਦੇਸ਼ੀ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨਾਲ ਵਿੱਤੀ ਖੁਫੀਆ ਜਾਣਕਾਰੀ ਦਾ ਆਦਾਨ-ਪ੍ਰਦਾਨ ਕਰਦਾ ਹੈ ਅਤੇ ਬੈਂਕਾਂ ਅਤੇ ਹੋਰ ਹਿੱਸੇਦਾਰਾਂ ਨਾਲ ਤਾਲਮੇਲ ਬਣਾਉਂਦਾ ਹੈ। ਵਿੱਤੀ ਸੇਵਾਵਾਂ ਅਤੇ ਖਜ਼ਾਨਾ ਬਿਊਰੋ ਦਾ ਸਮਰਥਨ ਕਰਨ ਵਾਲੀ ਇੱਕ ਸਮਰਪਿਤ ਇਕਾਈ ਦੇ ਰੂਪ ਵਿੱਚ, FIIB ਮਨੀ ਲਾਂਡਰਿੰਗ ਵਿਰੋਧੀ ਅਤੇ ਅੱਤਵਾਦ ਨੀਤੀ ਦੀ ਵਿੱਤੀ ਵਿਰੋਧਤਾ ਅਤੇ ਕਾਨੂੰਨ ਦੇ ਮਾਮਲਿਆਂ, ਰਣਨੀਤਕ ਵਿਸ਼ਲੇਸ਼ਣ, ਚੱਲ ਰਹੇ ਖੇਤਰ-ਵਿਆਪੀ ਜੋਖਮ ਮੁਲਾਂਕਣ ਦੇ ਨਾਲ-ਨਾਲ ਸਿਖਲਾਈ ਅਤੇ ਬਾਹਰੀ ਪਹੁੰਚ ਵਿਚ ਸਹਾਇਤਾ ਲਈ ਵੱਖ-ਵੱਖ ਹਿੱਸੇਦਾਰਾਂ ਨਾਲ ਮਿਲ ਕੇ ਕੰਮ ਕਰਦਾ ਹੈ।

ਲੀਏਜਨ ਬਿਊਰੋ (LB) ਮੇਨਲੈਂਡ ਪਬਲਿਕ ਸਕਿਉਰਿਟੀ ਅਥਾਰਟੀਆਂ, HKSAR, ਮਕਾਓ ਪੁਲਿਸ ਅਤੇ ਤਾਈਵਾਨ ਪੁਲਿਸ ਵਿੱਚ ਕੇਂਦਰੀ ਲੋਕ ਸਰਕਾਰ ਦੇ ਸੰਪਰਕ ਦਫ਼ਤਰ ਦੇ ਪੁਲਿਸ ਸੰਪਰਕ ਵਿਭਾਗ ਨਾਲ ਨਜ਼ਦੀਕੀ ਤਾਲਮੇਲ ਰੱਖਦਾ ਹੈ। LB ਚੀਨ ਵਿੱਚ ਇੰਟਰਪੋਲ ਨੈਸ਼ਨਲ ਸੈਂਟਰਲ ਬਿਊਰੋ ਦੇ ਇੱਕ ਸਬ ਬਿਊਰੋ ਵਜੋਂ ਫੋਰਸ ਨੂੰ ਦਰਸਾਉਂਦਾ ਹੈ। ਇਹ ਵਿਦੇਸ਼ੀ ਕਾਨੂੰਨ ਲਾਗੂ ਕਰਨ ਵਾਲੀਆਂ ਇਕਾਈਆਂ ਅਤੇ ਸਥਾਨਕ ਕੌਂਸਲੇਟਾਂ ਤੋਂ ਪੁਲਿਸ-ਸਬੰਧਤ ਪੁੱਛਗਿੱਛਾਂ ਦਾ ਤਾਲਮੇਲ ਵੀ ਕਰਦਾ ਹੈ ਅਤੇ ਨਾਲ ਹੀ ਆਪਸੀ ਕਾਨੂੰਨੀ ਸਹਾਇਤਾ ਅਤੇ ਭਗੌੜਿਆਂ ਦੀ ਗ੍ਰਿਫ਼ਤਾਰੀ ਅਤੇ ਸਮਰਪਣ ਲਈ ਵਿਦੇਸ਼ੀ ਅਧਿਕਾਰ ਖੇਤਰਾਂ ਦੀਆਂ ਬੇਨਤੀਆਂ ਦਾ ਪ੍ਰਬੰਧਨ ਵੀ ਕਰਦਾ ਹੈ।

ਕ੍ਰਾਈਮ ਸਪੋਰਟ ਗਰੁੱਪ ਵਿੱਚ ਵਿਸ਼ੇਸ਼ ਯੂਨਿਟਾਂ ਦਾ ਬਣਿਆ ਹੋਇਆ ਹੈ ਜੋ ਅਪਰਾਧਿਕ ਜਾਂਚ ਵਿੱਚ ਸਹਾਇਤਾ ਕਰਨ ਲਈ ਤਕਨੀਕੀ ਅਤੇ ਪੇਸ਼ੇਵਰ ਸੇਵਾਵਾਂ ਪ੍ਰਦਾਨ ਕਰਦੇ ਹਨ। ਇਹਨਾਂ ਯੂਨਿਟਾਂ ਵਿੱਚ ਅਪਰਾਧਿਕ ਰਿਕਾਰਡ ਬਿਊਰੋ, ਸਨਾਖਤੀ ਬਿਊਰੋ, ਫੋਰੈਂਸਿਕ ਫਾਇਰ ਆਰਮਜ਼ ਐਗਜ਼ਾਮੀਨੇਸ਼ਨ ਡਿਵੀਜ਼ਨ, ਮੁੱਖ ਘਟਨਾਵਾਂ ਦੀ ਛਾਣਬੀਣ ਅਤੇ ਆਫ਼ਤ ਸਹਾਇਤਾ ਸਿਸਟਮ ਯੂਨਿਟ, ਗਵਾਹ ਸੁਰੱਖਿਆ ਯੂਨਿਟ ਅਤੇ ਪਰਿਵਾਰਕ ਝਗੜੇ ਅਤੇ ਸੈਕਸੁਅਲ ਹਿੰਸਾ ਪਾਲਿਸੀ ਯੂਨਿਟ ਸ਼ਾਮਲ ਹਨ। ਇਸ ਤੋਂ ਇਲਾਵਾ, ਅਪਰਾਧ ਰੋਕਥਾਮ ਬਿਊਰੋ ਸਰਕਾਰ ਨੂੰ , ਨਿੱਜੀ ਖੇਤਰ ਅਤੇ ਆਮ ਲੋਕਾਂ ਨੂੰ ਸੁਰੱਖਿਆ ਸਲਾਹਕਾਰ ਸੇਵਾਵਾਂ ਪ੍ਰਦਾਨ ਕਰਦਾ ਹੈ। ਇਹ ਰਵਾਇਤੀ ਅਤੇ ਸੋਸ਼ਲ ਮੀਡੀਆ ਦੋਵਾਂ ਦੇ ਰਾਹੀਂ ਅਪਰਾਧ ਰੋਕਥਾਮ ਪਹਿਲਕਦਮੀਆਂ ਨੂੰ ਉਤਸ਼ਾਹਿਤ ਕਰਦਾ ਹੈ। ਇਹ ਅਪਰਾਧ ਰੋਕਥਾਮ ਸੈਮੀਨਾਰਾਂ ਦਾ ਆਯੋਜਨ ਵੀ ਕਰਦਾ ਹੈ, ਅਤੇ ਸੁਰੱਖਿਆ ਉਦਯੋਗ ਅਤੇ ਹੋਰ ਹਿੱਸੇਦਾਰਾਂ ਨਾਲ ਨੇੜਲਾ ਤਾਲਮੇਲ ਬਣਾਉਂਦਾ ਹੈ। ਕ੍ਰਾਈਮ ਸਪੋਰਟ ਗਰੁੱਪ ਸਿਹਤ

ਵਿਭਾਗ ਦੀ ਫੋਰੈਂਸਿਕ ਪੈਥੋਲੋਜੀ ਸੇਵਾ ਅਤੇ ਸਰਕਾਰੀ ਪ੍ਰਯੋਗਸ਼ਾਲਾ ਦੇ ਫੋਰੈਂਸਿਕ ਸਾਇੰਸ ਡਿਵੀਜ਼ਨ ਨਾਲ ਤਾਲਮੇਲ ਕਰਨ ਲਈ ਫੋਰਸ ਦੀ ਨੁਮਾਇੰਦਗੀ ਵੀ ਕਰਦਾ ਹੈ।

ਕ੍ਰਾਈਮ ਵਿੰਗ ਹੈੱਡਕੁਆਰਟਰ ਦੇ ਅਧੀਨ ਕ੍ਰਾਈਮ ਸਟੈਟਿਸਟਿਕਸ ਦਫਤਰ ਅਪਰਾਧ ਦੇ ਅੰਕੜਿਆਂ ਨੂੰ ਇਕੱਠਾ ਕਰਨ ਅਤੇ ਵਿਸ਼ਲੇਸ਼ਣ ਕਰਨ, ਅਤੇ ਵੱਖ-ਵੱਖ ਇਕਾਈਆਂ ਨੂੰ ਉਨ੍ਹਾਂ ਦੇ ਸਮੁੱਚੇ ਅਤੇ ਖਾਸ ਅਪਰਾਧ ਰੁਝਾਨਾਂ ਦੀ ਨਿਗਰਾਨੀ ਕਰਨ ਅਤੇ ਸੰਬੰਧਿਤ ਅਪਰਾਧ ਨਾਲ ਲੜਨ ਅਤੇ ਰੋਕਥਾਮ ਦੀਆਂ ਰਣਨੀਤੀਆਂ ਬਣਾਉਣ ਲਈ ਸੰਬੰਧਿਤ ਜਾਣਕਾਰੀ ਵੰਡਣ ਲਈ ਜ਼ਿੰਮੇਵਾਰ ਹੈ। ਇਸ ਤੋਂ ਇਲਾਵਾ, ਕ੍ਰਾਈਮ ਵਿੰਗ ਹੈੱਡਕੁਆਰਟਰ ਵੀ ਸੁਰੱਖਿਆ ਬਿਊਰੋ ਦੇ ਨਾਲ ਸਬੰਧਿਤ ਨੀਤੀਆਂ ਬਣਾਉਣ ਅਤੇ ਸੰਬੰਧਿਤ ਪੁੱਛਗਿੱਛਾਂ ਦਾ ਜਵਾਬ ਦੇਣ ਵਿੱਚ ਨੇੜੇ ਹੋ ਕੇ ਕੰਮ ਕਰਦਾ ਹੈ।

**ਪਰਸੋਨਲ ਅਤੇ ਟਰੇਨਿੰਗ:** ਪਰਸੋਨਲ ਵਿੰਗ (ਪੀ ਵਿੰਗ) ਸਾਰੇ ਮੁੱਖ ਮਨੁੱਖੀ ਸਰੋਤ ਪ੍ਰਬੰਧਨ ਕਾਰਜਾਂ ਲਈ ਜਿੰਮੇਵਾਰ ਹੈ, ਜਿਸ ਵਿੱਚ ਭਰਤੀ, ਤਰੱਕੀ, ਕਰੀਅਰ ਦੇ ਵਿਕਾਸ, ਸੇਵਾ ਦੀਆਂ ਸ਼ਰਤਾਂ, ਅਨੁਸ਼ਾਸਨ, ਸਟਾਫ ਸਬੰਧ ਅਤੇ ਭਲਾਈ ਦੇ ਮਾਮਲੇ ਸ਼ਾਮਲ ਹਨ।

ਲੋਕ ਫੋਰਸ ਦੀ ਸਭ ਤੋਂ ਕੀਮਤੀ ਸੰਪਤੀ ਹਨ। ਉੱਚ ਯੋਗਤਾ ਵਾਲੇ ਉਮੀਦਵਾਰਾਂ ਨੂੰ ਫੋਰਸ ਵਿੱਚ ਸ਼ਾਮਲ ਹੋਣ ਲਈ ਆਕਰਸ਼ਿਤ ਕਰਨ ਲਈ, ਪੀ ਵਿੰਗ ਦੀ ਭਰਤੀ ਡਿਵੀਜ਼ਨ ਵੱਖ-ਵੱਖ ਕਿਸਮਾਂ ਦੇ ਭਰਤੀ ਅਤੇ ਪ੍ਰਚਾਰ ਸਮਾਗਮਾਂ ਦਾ ਆਯੋਜਨ ਕਰਦੀ ਹੈ, ਜਿਸ ਵਿੱਚ ਸਿੱਖਿਆ ਅਤੇ ਕਰੀਅਰ ਐਕਸਪੋ, ਪੁਲਿਸ ਭਰਤੀ ਦਿਵਸ ਅਤੇ ਕਰੀਅਰ ਵਾਰਤਾਵਾਂ ਸ਼ਾਮਲ ਹਨ। ਮਈ 2021 ਅਤੇ ਜੂਨ 2023 ਦੇ ਵਿਚਕਾਰ, ਭਰਤੀ ਡਿਵੀਜ਼ਨ ਨੇ ਛੇ ਭਰਤੀ ਅਨੁਭਵ ਅਤੇ ਮੁਲਾਂਕਣ ਦਿਨ ਰੱਖੇ ਜਿਸ ਵਿਚ ਇੱਕ ਅੰਤਰਕਿਰਿਆ ਤਰੀਕੇ ਨਾਲ ਆਮ ਲੋਕਾਂ ਨੂੰ ਜਾਣਕਾਰੀ ਮੁਹਈਆ ਕਰਨ ਲਈ ਭਰਤੀ ਅਤੇ ਅਨੁਭਵੀ ਤੱਤ, ਪੁਲਿਸ ਦੇ ਕੰਮ ਅਤੇ ਭਰਤੀ ਦੀ ਜਾਣਕਾਰੀ ਨੂੰ ਪੇਸ਼ ਕੀਤਾ ਗਿਆ। ਭਾਗੀਦਾਰ ਮੌਕੇ ’ਤੇ ਅਰਜ਼ੀਆਂ ਵੀ ਦੇ ਸਕਦੇ ਹਨ।

ਭਰਤੀ ਡਿਵੀਜ਼ਨ ਨੌਜਵਾਨਾਂ ਲਈ ਸੇਵਾ ਪ੍ਰਦਾਨ ਕਰ ਰਹਿ ਪੁਲਿਸ ਅਧਿਕਾਰੀਆਂ ਨੂੰ ਮਿਲਣ ਅਤੇ ਪੁਲਿਸ ਦੇ ਕੰਮ ਦੀ ਵਿਭਿੰਨ ਪ੍ਰਕਿਰਤੀ ਨੂੰ ਸਮਝਣ ਦੇ ਮੌਕੇ ਪ੍ਰਦਾਨ ਕਰਨ ਲਈ ਵੱਖ - ਵੱਖ ਯੁਵਾ ਰੁਝੇਵਿਆਂ ਦੇ ਪ੍ਰੋਜੈਕਟਾਂ ਦੀ ਸ਼ੁਰੂਆਤ ਕਰਦਾ ਹੈ, ਜਿਵੇਂ ਕਿ ਪੁਲਿਸ ਮੈਂਟਰਸ਼ਿਪ ਪ੍ਰੋਗਰਾਮ, ਪੁਲਿਸ ਮੈਂਟਰਸ਼ਿਪ ਪ੍ਰੋਗਰਾਮ (ਆਊਟਰੀਚ), ਪ੍ਰੋਜੈਕਟ ਅਚੀਵ, ਸਹਾਇਕ ਅੰਡਰਗਰੈਜੁਏਟ ਸਕੀਮ, ਅਤੇ ਭਰਤੀ, ਅਨੁਭਵ ਅਤੇ ਵਿਕਾਸ ਲਈ ਸਪੋਰਟਸਮੈਨ ਪ੍ਰੋਗਰਾਮ।

ਪੁਲਿਸ ਮੈਂਟਰਸ਼ਿਪ ਪ੍ਰੋਗਰਾਮ ਅਤੇ ਪੁਲਿਸ ਮੈਂਟਰਸ਼ਿਪ ਪ੍ਰੋਗਰਾਮ (ਆਊਟਰੀਚ) ਨੂੰ 2022/2023 ਵਿੱਚ, ਇੱਕ ਪੁਲਿਸ ਮੈਂਟਰਸ਼ਿਪ ਪ੍ਰੋਗਰਾਮ ਵਿੱਚ ਤਿੰਨ ਧਾਰਾਵਾਂ ਦੇ ਨਾਲ ਮਿਲਾ ਦਿੱਤਾ ਗਿਆ ਹੈ, ਜਿਵੇਂ ਕਿ ਪੁਲਿਸ ਮੈਂਟਰਸ਼ਿਪ ਪ੍ਰੋਗਰਾਮ (ਹਾਂਗਕਾਂਗ), ਪੁਲਿਸ ਮੈਂਟਰਸ਼ਿਪ ਪ੍ਰੋਗਰਾਮ (ਮੇਨਲੈਂਡ), ਅਤੇ ਪੁਲਿਸ ਮੈਂਟਰਸ਼ਿਪ ਪ੍ਰੋਗਰਾਮ (ਓਵਰਸੀਜ਼) ਤਾਂ ਜੋ ਕਿ ਸਥਾਨਕ ਹਾਂਗਕਾਂਗ ਦੇ ਵਿਦਿਆਰਥੀਆਂ ਅਤੇ ਮੇਨਲੈਂਡ ਅਤੇ ਵਿਦੇਸ਼ੀ ਕ੍ਰਮਵਾਰ , ਗ੍ਰੈਜੂਏਸ਼ਨ ਕਰਨ ਤੋਂ ਬਾਅਦ ਫੋਰਸ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕਰਦਾ ਹੈ

ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀਆਂ ਅਰਜ਼ੀਆਂ ਦੀ ਸਹੂਲਤ ਲਈ, ਫੋਰਸ ਨੇ ਸਤੰਬਰ ਅਤੇ ਅਕਤੂਬਰ 2022 ਦੇ ਵਿਚਕਾਰ ਹਾਂਗਕਾਂਗ ਦੇ 11 ਸੰਸਥਾਵਾਂ ਵਿੱਚ 'ਪੁਲਿਸ ਯੂਨੀਵਰਸਿਟੀ ਭਰਤੀ ਐਕਸਪ੍ਰੈਸ - ਹਾਂਗਕਾਂਗ' ਦਾ ਆਯੋਜਨ ਕੀਤਾ। ਵਿਦਿਆਰਥੀ ਪੁਲਿਸ ਕਾਂਸਟੇਬਲ, ਪ੍ਰੋਬੇਸ਼ਨਰੀ ਇੰਸਪੈਕਟਰ ਅਤੇ ਸਹਾਇਕ ਪੁਲਿਸ ਦੇ ਅਹੁਦਿਆਂ ਲਈ ਮੌਕੇ 'ਤੇ ਅਪਲਾਈ ਕਰ ਸਕਦੇ ਸਨ ਅਤੇ ਕੈਂਪਸ ਵਿੱਚ ਵੀ ਚੋਣ ਦੀ ਪ੍ਰਕਿਰਿਆ ਕਰ ਸਕਦੇ ਸਨ। ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਰਹੇ ਅਧਿਕਾਰੀਆਂ ਨੇ ਵੀ ਵਿਦਿਆਰਥੀਆਂ ਨਾਲ ਆਪਣੇ ਤਜ਼ਰਬੇ ਸਾਂਝੇ ਕੀਤੇ।

ਮੇਨਲੈਂਡ ਵਿਚ ਰਹਿ ਰਹੇ ਹਾਂਗਕਾਂਗ ਦੇ ਵਿਦਿਆਰਥੀਆਂ ਦੀ ਭਰਤੀ ਕਰਨ ਅਤੇ ਗ੍ਰੈਜੂਏਸ਼ਨ ਤੋਂ ਬਾਅਦ ਉਨ੍ਹਾਂ ਦੀ ਪੁਲਿਸ ਦੀ ਬੁਨਿਆਦੀ ਸਿਖਲਾਈ ਦੀ ਸ਼ੁਰੂਆਤ ਦੀ ਸਹੂਲਤ ਲਈ, ਫੋਰਸ ਨੇ 2022 ਅਤੇ 2023 ਵਿੱਚ ਭਰਤੀ ਡਿਵੀਜ਼ਨ ਦੇ ਕਰਮਚਾਰੀਆਂ, ਪੁਲਿਸ ਕਾਲਜ ਦੇ ਇੰਸਟ੍ਰਕਟਰਾਂ ਅਤੇ ਭਰਤੀ ਬੁਲਾਰਿਆਂ ਦੇ ਇੱਕ ਵਫ਼ਦ ਨੂੰ ਗੁਆਂਗਡੋਂਗ, ਫੁਜਿਆਨ, ਬੀਜਿੰਗ ਅਤੇ ਵੂਹਾਨ ਦਾ ਦੌਰਾ ਕਰਵਾ ਕੇ ਮੇਨਲੈਂਡ ਵਿਚ "ਹਾਂਗਕਾਂਗ ਪੁਲਿਸ ਯੂਨੀਵਰਸਿਟੀ ਭਰਤੀ ਐਕਸਪ੍ਰੈਸ- ਮੇਨਲੈਂਡ' ਕਰਵਾਉਣ ਲਈ ਭੇਜਿਆ । 'ਵਫ਼ਦ ਨੇ ਭਰਤੀ ਬਾਰੇ ਜਾਣਕਾਰੀ ਦਿੱਤੀ ਅਤੇ ਉਮੀਦਵਾਰਾਂ ਦੀ ਮੌਕੇ ਤੇ ਚੋਣ ਕੀਤੀ।

ਸੇਵਾ ਕਰ ਰਹੇ ਅਧਿਕਾਰੀਆਂ ਨੂੰ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਫੋਰਸ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਵਿਚ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ, ਭਰਤੀ ਡਿਵੀਜ਼ਨ ਨੇ ਪੁਲਿਸ ਭਰਤੀ ਸਾਥੀ ਸਕੀਮ ਸ਼ੁਰੂ ਕੀਤੀ। ਇਸ ਸਕੀਮ ਦਾ ਉਦੇਸ਼ ਸੇਵਾ ਕਰ ਰਹੇ ਅਧਿਕਾਰੀਆਂ ਨੂੰ ਆਪਣੇ ਪਰਿਵਾਰ ਦੇ ਮੈਂਬਰਾਂ ਅਤੇ ਦੋਸਤਾਂ ਦੀ ਪਛਾਣ ਕਰਨ, ਪ੍ਰੇਰਿਤ ਕਰਨ ਅਤੇ ਉਹਨਾਂ ਨੂੰ ਅਰਜ਼ੀਆਂ ਦੇਣ ਲਈ ਉਤਸ਼ਾਹਿਤ ਕਰਨਾ ਹੈ, ਜਿਸ ਨਾਲ ਫੋਰਸ ਲਈ ਨਵੇਂ ਖੂਨ ਨੂੰ ਆਕਰਸ਼ਿਤ ਕੀਤਾ ਜਾ ਸਕੇ । ਇਸ ਤੋਂ ਇਲਾਵਾ, ਭਰਤੀ ਡਿਵੀਜ਼ਨ ਨੇ ਗੈਰ-ਨਸਲੀ ਚੀਨੀ (NEC) ਰੈਫਰਲ ਸਿਸਟਮ ਸ਼ੁਰੂ ਕੀਤਾ, ਜੋ NEC ਬਿਨੈਕਾਰਾਂ ਦਾ ਹਵਾਲਾ ਦਿੰਦਾ ਹੈ ਜਿਨ੍ਹਾਂ ਦੁਆਰਾ ਵੱਖ-ਵੱਖ ਪੁਲਿਸ ਜ਼ਿਲ੍ਹਿਆਂ ਦੁਆਰਾ ਆਯੋਜਿਤ ਸ਼ਮੂਲੀਅਤ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣ ਲਈ ਭਰਤੀ ਚੋਣ ਪ੍ਰਕਿਰਿਆ ਨੂੰ ਪਾਸ ਕਰਨਾ ਬਾਕੀ ਹੈ। ਇਸ ਦਾ ਉਦੇਸ਼ ਬਿਨੈਕਾਰਾਂ ਨੂੰ ਉਨ੍ਹਾਂ ਦੇ ਵਿਸ਼ਵਾਸ

ਅਤੇ ਯੋਗਤਾ ਨੂੰ ਵਧਾ ਕੇ ਫੋਰਸ ਵਿੱਚ ਸ਼ਾਮਲ ਹੋਣ ਲਈ ਬਿਹਤਰ ਢੰਗ ਨਾਲ ਤਿਆਰ ਕਰਨਾ ਹੈ।

ਭਰਤੀ ਵਿਭਾਗ ਉੱਚ ਯੋਗਤਾ ਵਾਲੇ ਉਮੀਦਵਾਰਾਂ ਨੂੰ ਆਕਰਸ਼ਿਤ ਕਰਨ ਲਈ ਭਰਤੀ ਨੀਤੀ ਦੀ ਲਗਾਤਾਰ ਸਮੀਖਿਆ ਕਰਦਾ ਰਹਿੰਦਾ ਹੈ। 1 ਅਪ੍ਰੈਲ 2022 ਤੋਂ ਸ਼ੁਰੂ ਹੋ ਕੇ, ਪੁਲਿਸ ਕਾਂਸਟੇਬਲ, ਇੰਸਪੈਕਟਰ, ਅਤੇ ਸਹਾਇਕ ਪੁਲਿਸ ਕਾਂਸਟੇਬਲ ਲਈ ਹਾਂਗਕਾਂਗ ਦੀ ਰਿਹਾਇਸ਼ੀ ਲੋੜ, ਭਾਵ 'ਘੱਟੋ-ਘੱਟ ਸੱਤ ਸਾਲਾਂ ਤੋਂ ਹਾਂਗਕਾਂਗ ਵਿੱਚ ਰਹਿਣ ', ਨੂੰ ਹਟਾ ਦਿੱਤਾ ਗਿਆ ਹੈ। ਬਿਨੈਕਾਰਾਂ ਨੂੰ ਸਿਰਫ਼ 'ਹਾਂਗ ਕਾਂਗ ਵਿਸ਼ੇਸ਼ ਪ੍ਰਸ਼ਾਸਨਿਕ ਖੇਤਰ ਦਾ ਸਥਾਈ ਨਿਵਾਸੀ' ਹੋਣ ਦੇ ਮਾਪਦੰਡ ਨੂੰ ਪੂਰਾ ਕਰਨ ਦੀ ਲੋੜ ਹੁੰਦੀ ਹੈ। 5 ਮਈ 2023 ਤੋਂ ਲਾਗੂ ਹੋਣ ਤੇ, ਪੁਲਿਸ ਕਾਂਸਟੇਬਲ, ਪ੍ਰੋਬੇਸ਼ਨਰੀ ਇੰਸਪੈਕਟਰ ਅਤੇ ਸਹਾਇਕ ਪੁਲਿਸ ਕਾਂਸਟੇਬਲ ਦੀ ਭਰਤੀ ਲਈ ਦਾਖਲਾ ਮਾਪਦੰਡ ਨੂੰ ਬਦਲਿਆ ਗਿਆ ਹੈ: (i) ਹੋਰ ਅਨੁਸ਼ਾਸਿਤ ਸੇਵਾਵਾਂ ਦੇ ਨਾਲ ਇਕਸਾਰ ਹੋਣ ਲਈ ਘੱਟੋ-ਘੱਟ ਉਚਾਈ ਅਤੇ ਭਾਰ ਦੀਆਂ ਲੋੜਾਂ ਨੂੰ ਉੱਚਾ ਕੀਤਾ ਗਿਆ ਸੀ; (ii) ਬਿਨਾਂ ਸਹਾਇਤਾ ਪ੍ਰਾਪਤ ਵਿਜ਼ੂਅਲ ਐਕਿਊਟੀ ਟੈਸਟ ਕਰਵਾਉਣ ਦੀ ਲੋੜ ਨੂੰ ਹਟਾ ਦਿੱਤਾ ਗਿਆ ਸੀ। ਐਨਕਾਂ ਜਾਂ ਕਾਂਟੈਕਟ ਲੈਂਸਾਂ ਦੀ ਵਰਤੋਂ ਨਾਲ ਟੈਸਟ ਪਾਸ ਕਰਨ ਵਾਲੇ ਬਿਨੈਕਾਰ ਨੂੰ ਲੋੜੀਂਦੇ ਅੱਖਾਂ ਦੀ ਰੌਸ਼ਨੀ ਦੇ ਮਿਆਰ ਨੂੰ ਪੂਰਾ ਕੀਤਾ ਮੰਨਿਆ ਜਾਵੇਗਾ। ਰੰਗ ਧਾਰਨਾ ਟੈਸਟ ਲਈ ਲੋੜ ਵਿੱਚ ਕੋਈ ਬਦਲਾਵ ਨਹੀਂ ਕੀਤਾ ਗਿਆ ; ਅਤੇ (iii) ਭਰਤੀ ਪੁਲਿਸ ਕਾਂਸਟੇਬਲ ਲਿਖਤੀ ਪ੍ਰੀਖਿਆ (ਲਿਖਤੀ ਪ੍ਰੀਖਿਆ) ਬਿਨੈਕਾਰਾਂ ਨੂੰ ਭਾਸ਼ਾ ਦੀ ਮੁਹਾਰਤ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਇੱਕ ਵਿਕਲਪਿਕ ਤਰੀਕਾ ਪ੍ਰਦਾਨ ਕਰਨ ਲਈ ਪੇਸ਼ ਕੀਤੀ ਗਈ ਸੀ। ਲਿਖਤੀ ਇਮਤਿਹਾਨ, ਜਿਸ ਵਿੱਚ ਪੁਲਿਸ ਦੇ ਕੰਮ ਦੇ ਤੱਤ ਸ਼ਾਮਲ ਸਨ, ਭਰਤੀ ਪੁਲਿਸ ਕਾਂਸਟੇਬਲ ਦੇ ਬਿਨੈਕਾਰਾਂ ਲਈ ਤਿਆਰ ਕੀਤਾ ਗਿਆ ਸੀ। ਲਿਖਤੀ ਇਮਤਿਹਾਨ ਪਾਸ ਕਰਨ ਵਾਲੇ ਬਿਨੈਕਾਰ ਨੂੰ ਭਰਤੀ ਪੁਲਿਸ ਕਾਂਸਟੇਬਲ ਭਾਸ਼ਾ ਦੀ ਮੁਹਾਰਤ ਦੀਆਂ ਲੋੜਾਂ ਨੂੰ ਪੂਰਾ ਕਰਨ ਵਾਲਾ ਮੰਨਿਆ ਜਾਂਦਾ ਹੈ, ਅਤੇ ਨਤੀਜਾ ਸਥਾਈ ਤੌਰ 'ਤੇ ਵੈਧ ਹੁੰਦਾ ਹੈ।

2023/24 ਵਿੱਚ ਫੋਰਸ ਦੀ ਭਰਤੀ ਦਾ ਵਿਸ਼ਾ ਹੈ 'ਉਨ੍ਹਾਂ ਦੀ ਕਾਲ, ਤੁਹਾਡੀ ਕਾਲਿੰਗ', ਜਨਤਾ ਨੂੰ ਇਹ ਦੱਸਣ ਦੀ ਉਮੀਦ ਲਈ ਕਿ ਫੋਰਸ ਲੋੜ ਪੈਣ ਤੇ ਲੋਕਾਂ ਦੀ ਚੰਗੀ ਦੇਖਭਾਲ ਕਿਵੇਂ ਕਰ ਸਕਦੀ ਹੈ। ਵੱਖ-ਵੱਖ ਪਿਛੋਕੜ ਵਾਲੇ ਪੰਜ 'ਭਰਤੀ ਬੁਲਾਰੇ' ਚੁਣੇ ਗਏ ਸਨ, ਅਤੇ ਪ੍ਰਚਾਰ ਨੂੰ ਵਧਾਉਣ ਲਈ ਵਿਸ਼ੇ ਦੇ ਤਹਿਤ ਸਬੰਧਤ ਭਰਤੀ ਵੀਡੀਓ ਅਤੇ ਪੋਸਟਰ ਵੀ ਤਿਆਰ ਕੀਤੇ ਗਏ ਸਨ।

P ਵਿੰਗ ਫੋਰਸ ਦੇ ਅੰਦਰ ਅਤੇ ਇਸ ਤੋਂ ਬਾਹਰ, ਇੱਕ ਸਿਹਤਮੰਦ ਅਤੇ ਦੇਖਭਾਲ ਕਰਨ ਵਾਲੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਸਭ ਤੋਂ ਅੱਗੇ ਹੈ। 2023 ਵਿੱਚ, ਫੋਰਸ ਨੂੰ ਆਪਣੇ

ਕਰਮਚਾਰੀਆਂ, ਭਾਈਚਾਰੇ ਅਤੇ ਵਾਤਾਵਰਣ ਦੀ ਦੇਖਭਾਲ ਕਰਨ ਵਿੱਚ ਨਿਰੰਤਰ ਵਚਨਬੱਧਤਾ ਅਤੇ ਇਸ ਤਰ੍ਹਾਂ ਚੰਗੀ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ਦਾ ਪ੍ਰਦਰਸ਼ਨ ਕਰਨ ਲਈ ਹਾਂਗਕਾਂਗ ਕੌਂਸਲ ਆਫ ਸੋਸ਼ਲ ਸਰਵਿਸ ਤੋਂ 15 ਸਾਲ ਪਲੱਸ ਕੇਅਰਿੰਗ ਆਰਗੇਨਾਈਜ਼ੇਸ਼ਨ ਲੋਗੋ ਨਾਲ ਸਨਮਾਨਿਤ ਕੀਤਾ ਗਿਆ ਸੀ।

ਸਮਾਜ ਕੰਮ ਦੇ ਸਬੰਧ ਵਿੱਚ, ਹਾਂਗਕਾਂਗ ਪੁਲਿਸ ਵਾਲੰਟੀਅਰ ਸਰਵਿਸਿਜ਼ ਕੋਰਪਸ , ਆਪਣੀਆਂ 23 ਪੁਲਿਸ ਵਾਲੰਟੀਅਰ ਟੀਮਾਂ ਦੇ ਨਾਲ, 2022 ਵਿੱਚ ਕੋਵਿਡ-19 ਮਹਾਂਮਾਰੀ ਦੀ ਪੰਜਵੀਂ ਲਹਿਰ ਦੌਰਾਨ ਭਾਈਚਾਰੇ ਨੂੰ 23 000 ਘੰਟੇ ਤੋਂ ਵੱਧ ਸੇਵਾ ਪ੍ਰਦਾਨ ਕੀਤੀ।

ਹਾਂਗਕਾਂਗ ਪੁਲਿਸ ਕਾਲਜ (HKPC) ਵਿੱਚ ਹੈੱਡਕੁਆਰਟਰਜ ਅਤੇ ਤਿੰਨ ਸਕੂਲ ਸ਼ਾਮਲ ਹਨ, ਅਰਥਾਤ ਸਕੂਲ ਆਫ ਫਾਊਂਡੇਸ਼ਨ ਟਰੇਨਿੰਗ, ਸਕੂਲ ਆਫ ਪ੍ਰੋਫੈਸ਼ਨਲ ਡਿਵੈਲਪਮੈਂਟ ਅਤੇ ਸਕੂਲ ਆਫ ਸਪੈਸ਼ਲਾਈਜ਼ਡ ਲਰਨਿੰਗ। HKPC ਹਾਂਗਕਾਂਗ ਨੂੰ ਸਨਮਾਨ, ਡਿਊਟੀ ਅਤੇ ਵਫ਼ਾਦਾਰੀ ਨਾਲ ਸੇਵਾ ਪ੍ਰਦਾਨ ਕਰਨ ਲਈ ਅਧਿਕਾਰੀਆਂ ਨੂੰ ਲੋੜੀਂਦੇ ਰਵੱਈਏ, ਗਿਆਨ ਅਤੇ ਹੁਨਰ ਨਾਲ ਭਰਨ ਲਈ ਵਚਨਬੱਧ ਹੈ।

ਸਕੂਲ ਆਫ ਫਾਊਂਡੇਸ਼ਨ ਟਰੇਨਿੰਗ ਮੂਹਰਲੇ ਸੰਚਾਲਨ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸਮਰੱਥਾ ਅਤੇ ਮਾਨਸਿਕਤਾ ਦੇ ਨਿਰਮਾਣ ਵਿੱਚ ਸਿਖਿਆਰਥੀਆਂ ਲਈ ਭਰਤੀ ਅਤੇ ਪੇਸ਼ੇਵਰ ਸਿਖਲਾਈ ਪ੍ਰਦਾਨ ਕਰਦਾ ਹੈ। 2020 ਵਿੱਚ, HKPC ਪ੍ਰੋਗਰਾਮ ਖੇਤਰ ਮਾਨਤਾ ਦਰਜਾ ਪ੍ਰਾਪਤ ਕਰਨ ਵਾਲੀ ਪਹਿਲੀ ਗੈਰ-ਤੀਜੀ ਸਿੱਖਿਆ ਸੰਸਥਾ ਅਤੇ ਸਰਕਾਰੀ ਵਿਭਾਗ ਬਣ ਗਈ, ਜਿਸ ਨੇ HKPC ਨੂੰ ਯੋਗਤਾ ਰੂਪ-ਰੇਖਾ ਪੱਧਰ 5 ਤੱਕ ਕਾਨੂੰਨ ਲਾਗੂ ਕਰਨ ਅਤੇ ਸੁਰੱਖਿਆ ਅਧਿਐਨ ਪ੍ਰੋਗਰਾਮ ਖੇਤਰ ਵਿੱਚ ਫੋਰਸ ਦੇ ਕੋਰਸਾਂ ਨੂੰ ਅੰਦਰੂਨੀ ਤੌਰ 'ਤੇ ਮਾਨਤਾ ਦੇਣ ਲਈ ਸੌਂਪ ਦਿੱਤਾ। ਹੁਣ ਤੱਕ, HKPC ਨੇ ਮਜ਼ਬੂਤ ਗੁਣਵਤਾ ਭਰੋਸਾ ਅਸ਼ੋਰੈਂਸ ਵਿਧੀ ਅਤੇ ਅੰਦਰੂਨੀ ਸਿਖਿਆ ਪ੍ਰੋਗਰਾਮ ਮਾਨਤਾ ਪ੍ਰਣਾਲੀ ਰਾਹੀਂ 18 ਫੋਰਸ ਦੇ ਪ੍ਰੋਗਰਾਮਾਂ ਨੂੰ ਅੰਦਰੂਨੀ ਤੌਰ 'ਤੇ ਮਾਨਤਾ/ਮੁੜ-ਪ੍ਰਵਾਨਿਤ ਕੀਤਾ ਹੈ।

ਸਕੂਲ ਆਫ਼ ਪ੍ਰੋਫੈਸ਼ਨਲ ਡਿਵੈਲਪਮੈਂਟ, ਸਰਵਿਸ ਦੇ ਦੌਰਾਨ ਸਿਖਿਆ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਹੋਰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ, ਯੂਨੀਵਰਸਿਟੀਆਂ ਅਤੇ ਸੰਸਥਾਵਾਂ ਦੇ ਨਾਲ ਸਰਗਰਮੀ ਨਾਲ ਬਾਹਰੀ ਸਹਿਯੋਗ ਦੀ ਮੰਗ ਕਰਕੇ ਵੱਖ-ਵੱਖ ਸਮਕਾਲੀ ਪੁਲਿਸਿੰਗ-ਸਬੰਧਤ ਵਿਸ਼ਿਆਂ 'ਤੇ ਸਥਾਨਕ, ਮੇਨਲੈਂਡ ਅਤੇ ਵਿਦੇਸ਼ੀ ਕਿੱਤਾਮੁਖੀ, ਪੇਸ਼ੇਵਰ ਅਤੇ ਕਾਰਜਕਾਰੀ ਸਿਖਲਾਈ ਪ੍ਰੋਗਰਾਮ ਪ੍ਰਦਾਨ ਕਰਦਾ ਹੈ। 2021 ਵਿੱਚ ਸ਼ੁਰੂ ਹੋਣ ਵਾਲੇ, HKPC ਅਤੇ ਸ਼ਿੰਗਹੁਆ ਯੂਨੀਵਰਸਿਟੀ

ਨੇ ਪੁਲਿਸ ਅਧਿਕਾਰੀਆਂ ਅਤੇ ਹੋਰ ਅਨੁਸ਼ਾਸਨੀ ਸੇਵਾਵਾਂ ਲਈ 2.5-ਸਾਲ ਦੇ ਪਾਰਟ-ਟਾਈਮ ਕਾਰਜਕਾਰੀ ਮਾਸਟਰ ਆਫ਼ ਪਬਲਿਕ ਐਡਮਿਨਿਸਟ੍ਰੇਸ਼ਨ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਹੈ। ਕੋਵਿਡ-19 ਮਹਾਂਮਾਰੀ ਤੋਂ ਬਾਅਦ ਯਾਤਰਾ ਮੁੜ ਸ਼ੁਰੂ ਹੋਣ 'ਤੇ, HKPC ਰਾਸ਼ਟਰੀ ਮਾਮਲਿਆਂ ਅਤੇ ਵਿਕਾਸ ਰਣਨੀਤੀਆਂ ਬਾਰੇ ਅਧਿਕਾਰੀਆਂ ਦੀ ਸਮਝ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਉਨ੍ਹਾਂ ਦੀ ਪੇਸ਼ੇਵਰ ਯੋਗਤਾ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਨਵੇਂ ਸਿੱਖਣ ਦੇ ਮੌਕਿਆਂ ਦੀ ਖੋਜ ਨੂੰ ਜਾਰੀ ਰੱਖਦਾ ਹੈ।

ਸਕੂਲ ਆਫ਼ ਸਪੈਸ਼ਲਾਈਜ਼ਡ ਲਰਨਿੰਗ, ਜਿਸ ਵਿੱਚ ਤਿੰਨ ਕਾਰਜਸ਼ੀਲ ਡਿਵੀਜ਼ਨਾਂ ਅਤੇ ਚਾਰ ਕੇਂਦਰ ਸ਼ਾਮਲ ਹਨ, ਕਈ ਤਰ੍ਹਾਂ ਦੀ ਵਿਸ਼ੇਸ਼ ਅਤੇ ਯੋਗਤਾ ਸਿਖਲਾਈ ਪ੍ਰਦਾਨ ਕਰਦਾ ਹੈ ਜਿਵੇਂ ਕਿ ਜਾਸੂਸ ਸਿਖਲਾਈ, ਪੁਲਿਸ ਡਰਾਈਵਿੰਗ ਅਤੇ ਟ੍ਰੈਫਿਕ ਸਿਖਲਾਈ, ਇੰਸਟ੍ਰਕਟਰ ਸਿਖਲਾਈ, ਭਾਸ਼ਾ ਸਿਖਲਾਈ ਅਤੇ ਮਨੋਵਿਗਿਆਨਕ ਯੋਗਤਾ ਸਿਖਲਾਈ। ਪੇਸ਼ੇਵਰ ਮਾਪਦੰਡਾਂ ਪ੍ਰਤੀ ਮਜ਼ਬੂਤ ਵਚਨਬੱਧਤਾ ਦੇ ਨਾਲ, HKPC ਟੈਕਨਾਲੋਜੀ ਦੀ ਵਰਤੋਂ ਕਰਦਾ ਹੈ ਅਤੇ ਸਿਖਲਾਈ ਸਮਰੱਥਾ ਨੂੰ ਵਧਾਉਣ ਲਈ ਸਭ ਤੋਂ ਵਧੀਆ ਅਭਿਆਸ ਸਾਂਝਾ ਕਰਨ, ਗਿਆਨ ਪ੍ਰਬੰਧਨ, ਅਤੇ ਗੈਰ-ਰਸਮੀ ਨਵੀਨਤਾਵਾਂ ਦੀ ਸਹੂਲਤ ਲਈ ਨਿਰੰਤਰ ਸਹਾਇਤਾ ਪ੍ਰਦਾਨ ਕਰਦਾ ਹੈ।

ਕਾਲਜ ਹੈੱਡਕੁਆਰਟਰ (HQs) ਰਣਨੀਤਕ ਸਿਖਲਾਈ ਯੋਜਨਾਵਾਂ, ਗੁਣਵੱਤਾ ਭਰੋਸਾ, ਪ੍ਰਬੰਧਕੀ ਅਤੇ ਮਨੁੱਖੀ ਵਸੀਲਿਆਂ ਦੇ ਮਾਮਲਿਆਂ ਨੂੰ ਤਿਆਰ ਕਰਨ ਦੇ ਨਾਲ-ਨਾਲ ਪੁਲਿਸਿੰਗ ਨਾਲ ਸਬੰਧਿਤ ਮੁੱਦਿਆਂ ਲਈ ਵੱਖ-ਵੱਖ ਖੇਤਰਾਂ ਵਿੱਚ ਸੁਤੰਤਰ ਸਲਾਹਾਂ ਅਤੇ ਮੁਹਾਰਤ ਦਾ ਲਾਭ ਉਠਾਉਣ ਲਈ ਆਨਰੇਰੀ ਕਾਲਜ ਸਲਾਹਕਾਰ ਵਜੋਂ ਅਕਾਦਮਿਕ ਅਤੇ ਮਾਹਿਰਾਂ ਦੀ ਨਿਯੁਕਤੀ ਦੇ ਤਾਲਮੇਲ ਲਈ ਜ਼ਿੰਮੇਵਾਰ ਹੈ। ਮੁੱਖ ਦਫਤਰ HKPC ਦੀਆਂ ਪੁਲਿਸ ਸਿਖਲਾਈ ਸਹੂਲਤਾਂ ਦੀ ਨਿਯਮਤ ਤੌਰ 'ਤੇ ਸਮੀਖਿਆ ਵੀ ਕਰਦੇ ਹਨ। ਜੁਲਾਈ 2022 ਵਿੱਚ, ਵਿਧਾਨ ਪ੍ਰੀਸ਼ਦ ਨੇ ਕੋਂਗ ਨਗਾ ਪੋ ਵਿੱਚ ਨਵੀਆਂ ਪੁਲਿਸ ਸਿਖਲਾਈ ਸੁਵਿਧਾਵਾਂ ਦੇ ਨਿਰਮਾਣ ਲਈ ਫੰਡ ਨੂੰ ਮਨਜ਼ੂਰੀ ਦਿੱਤੀ, ਜਿਸਦਾ ਉਦੇਸ਼ ਸਿਖਲਾਈ ਵਿੱਚ ਤਾਲਮੇਲ ਪੈਦਾ ਕਰਨ ਨਿਊ ਟੇਰੀਟੇਰੀ ਵਿਚ ਖਿੰਡੀਆਂ ਪਈਆਂ ਪੁਲਿਸ ਸਿਖਲਾਈ ਸੁਵਿਧਾਵਾਂ ਨੂੰ ਇੱਕਠਾ ਕਰਨ ਅਤੇ ਅਤੇ ਮੁੜ ਸਥਾਪਿਤ ਕਰਨ ਦੇ ਨਾਲ ਨਾਲ ਹੀ ਕਵੂ ਤੁੰਗ ਅਤੇ ਫੈਨਲਿੰਗ ਵਿਚ ਰਿਹਾਇਸ਼ ਜਾਂ ਹੋਰ ਵਰਤੋਂ ਲਈ ਜਗ੍ਹਾ ਵਿਹਲੀ ਕਰਨਾ ਹੈ। ਉਸਾਰੀ ਦੇ ਕੰਮ ਚੱਲ ਰਿਹਾ ਹੈ ਅਤੇ ਨਵੇਂ HKPC ਇੰਟਰਗਰੇਟਿਡ ਟ੍ਰੇਨਿੰਗ ਸੈਂਟਰ ਦੇ 2026 ਦੇ ਅੰਤ ਤੱਕ ਪੂਰੀ ਤਰ੍ਹਾਂ ਵਰਤੋਂ ਵਿੱਚ ਆਉਣ ਦੀ ਉਮੀਦ ਹੈ।

ਇੱਕ ਮਜ਼ਬੂਤ ਬੁਨਿਆਦ 'ਤੇ ਨਿਰਮਾਣ ਕਰਦੇ ਹੋਏ, HKPC ਨੇ ਕਈ ਸਥਾਨਕ ਅਤੇ ਅੰਤਰਰਾਸ਼ਟਰੀ ਪੁਰਸਕਾਰਾਂ ਨੂੰ ਪ੍ਰਾਪਤ ਕਰਨਾ ਜਾਰੀ ਰੱਖਿਆ ਹੈ, ਜਿਸ ਵਿੱਚ ਗਲੋਬਲ ਅਤੇ ਹਾਂਗਕਾਂਗ ਮੋਸਟ ਇਨੋਵੇਟਿਵ ਨਾਲੇਜ ਐਂਟਰਪ੍ਰਾਈਜ਼ (MIKE) ਅਵਾਰਡ 2022, 2022 ਦਾ

ਟੈਕਨਾਲੋਜੀ ਸਿੱਖਣ ਵਿੱਚ ਇੱਕ ਕਾਂਸੀ ਅਵਾਰਡ, ਇੱਕ ਕਾਂਸੀ ਗਲੈਕਸੀ ਅਵਾਰਡ 2022, ਐਸਟ੍ਰਿਡ ਅਵਾਰਡ 2023 ਵਿੱਚ ਇੱਕ ਆਨਰਜ਼ ਅਵਾਰਡ, ਅਤੇ ਕੁਏਸਟਾਰ ਅਵਾਰਡ 2023 ਵਿੱਚ ਇੱਕ ਸਿਲਵਰ ਅਤੇ ਇੱਕ ਕਾਂਸੀ ਅਵਾਰਡ ਸ਼ਾਮਿਲ ਹਨ । ਫੋਰਸ ਨੂੰ ਕਰਮਚਾਰੀ ਰੱਖਣ ਵਾਲੇ ਬੋਰਡ ਦੁਆਰਾ 2013 ਤੋਂ ਲਗਾਤਾਰ ਮਨੁੱਖੀ ਸਕਤੀ ਦਾ ਵਿਕਾਸ ਕਰਨ ਵਜੋਂ ਵੀ ਸਨਮਾਨਿਤ ਕੀਤਾ ਗਿਆ ਹੈ।

ਪ੍ਰਬੰਧਨ ਸੇਵਾਵਾਂ: ਪ੍ਰਬੰਧਨ ਸੇਵਾਵਾਂ ਵਿਭਾਗ ਨੂੰ ਸੂਚਨਾ ਪ੍ਰਣਾਲੀਆਂ ਵਿੰਗ ਦੇ ਨਾਲ-ਨਾਲ ਸੇਵਾ ਗੁਣਵੱਤਾ ਵਿੰਗ ਦੁਆਰਾ ਨਿਯੰਤਰਿਤ ਕੀਤਾ ਜਾਂਦਾ ਹੈ।

ਸੂਚਨਾ ਪ੍ਰਣਾਲੀਆਂ ਵਿੰਗ ਵਿੱਚ ਡਿਜੀਟਲ ਪੁਲਿਸਿੰਗ ਸੇਵਾਵਾਂ ਬਿਊਰੋ, ਇਨੋਵੇਸ਼ਨ ਐਂਡ ਸਲਿਊਸ਼ਨ ਲੈਬ (ISLAB), ਸੂਚਨਾ ਤਕਨਾਲੋਜੀ ਸ਼ਾਖਾ ਅਤੇ ਸੰਚਾਰ ਸ਼ਾਖਾ ਸ਼ਾਮਲ ਹਨ।

ਡਿਜੀਟਲ ਪੁਲਿਸਿੰਗ ਸਰਵਿਸਿਜ਼ ਬਿਊਰੋ, ਜਿਸ ਵਿੱਚ ਡਿਜੀਟਲ ਸਰਵਿਸਿਜ਼ ਡਿਵੀਜ਼ਨ, ਈ-ਪੁਲਿਸ ਡਿਵੀਜ਼ਨ, ਸਿਸਟਮ ਸਕਿਉਰਿਟੀ ਐਂਡ ਸਪੋਰਟ ਡਿਵੀਜ਼ਨ ਅਤੇ ਮੇਜਰ ਸਿਸਟਮ ਡਿਵੀਜ਼ਨ ਸ਼ਾਮਲ ਹਨ, ਡਿਜੀਟਲ ਪੁਲਿਸਿੰਗ ਬਲੂਪ੍ਰਿੰਟ ਅਤੇ ਪਹਿਲਕਦਮੀਆਂ ਨੂੰ ਤਿਆਰ ਅਤੇ ਤਾਲਮੇਲ ਬਣਾਉਂਦਾ ਹੈ ਅਤੇ ਫੋਰਸ ਦੀ ਸੂਚਨਾ ਸੁਰੱਖਿਆ ਲਈ ਵੀ ਜ਼ਿੰਮੇਵਾਰ ਹੈ। ਇਹ ਫੋਰਸ ਨੂੰ ਇਸਦੀ ਸੰਚਾਲਨ ਕੁਸ਼ਲਤਾ ਨੂੰ ਵਧਾਉਣ, ਕੰਮ ਦੀਆਂ ਪ੍ਰਕਿਰਿਆਵਾਂ ਨੂੰ ਅਨੁਕੂਲ ਬਣਾਉਣ ਅਤੇ ਈ-ਸੇਵਾਵਾਂ ਅਤੇ ਮੋਬਾਈਲ ਐਪਲੀਕੇਸ਼ਨਾਂ ਵਰਗੇ ਡਿਜੀਟਲ ਹੱਲਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਦੀ ਡਿਲਿਵਰੀ ਦੁਆਰਾ ਵਧੇਰੇ ਸੁਵਿਧਾਜਨਕ ਪੁਲਿਸ ਸੇਵਾਵਾਂ ਪ੍ਰਦਾਨ ਕਰਨ ਵਿੱਚ ਸਹਾਇਤਾ ਕਰਦਾ ਹੈ।

ISLAB ਇਸ ਡਿਜੀਟਲ ਯੁੱਗ ਵਿੱਚ ਫੋਰਸ ਦੀ ਨਵੀਨਤਾ ਅਤੇ ਤਕਨਾਲੋਜੀ ਐਪਲੀਕੇਸ਼ਨ ਸਮਰੱਥਾ ਨੂੰ ਮਜ਼ਬੂਤ ਕਰਨ ਲਈ ਜ਼ਿੰਮੇਵਾਰ ਹੈ। ਵਰਤਮਾਨ ਵਿੱਚ, ਇਹ ਆਪਣੇ ਕੰਮ ਨੂੰ ਪੰਜ ਮੁੱਖ ਖੇਤਰਾਂ ਵਿੱਚ ਕੇਂਦ੍ਰਿਤ ਕਰਦਾ ਹੈ, ਅਰਥਾਤ ਡਿਜੀਟਲ ਪਰਿਵਰਤਨ, ਡੇਟਾ ਵਿਸ਼ਲੇਸ਼ਣ, ਸੌਫਟਵੇਅਰ ਅਤੇ ਸਿਸਟਮ ਤਕਨਾਲੋਜੀ, ਮੋਬਾਈਲ ਤਕਨਾਲੋਜੀ ਅਤੇ ਮੋਬਾਈਲ ਐਪਲੀਕੇਸ਼ਨ, ਅਤੇ ਉੱਭਰ ਰਹੀਆਂ ਤਕਨਾਲੋਜੀਆਂ। ਵੱਖ-ਵੱਖ ਹਿੱਸੇਦਾਰਾਂ ਨਾਲ ਕੰਮ ਕਰਨ ਅਤੇ ਸਹਿ-ਰਚਨਾ ਵਿਧੀ ਨੂੰ ਅਪਣਾਉਣ ਦੁਆਰਾ, ISLAB ਫੋਰਸ ਨੂੰ ਨਵੀਨਤਾ ਲਿਆਉਣ ਅਤੇ ਤਕਨਾਲੋਜੀ ਦੀ ਵਰਤੋਂ ਨੂੰ ਅਪਣਾਉਣ ਵਿੱਚ ਮਦਦ ਕਰਦਾ ਹੈ। ਸੂਚਨਾ ਤਕਨਾਲੋਜੀ ਸ਼ਾਖਾ ਫੋਰਸ ਅਤੇ ਸਾਰੇ ਫੋਰਸ ਦੇ ਮੈਂਬਰਾਂ ਦੀ ਰੋਜ਼ਾਨਾ ਸੰਚਾਲਨ ਨੂੰ ਸ਼ਾਨਦਾਰ ਸਹਾਇਤਾ ਪ੍ਰਦਾਨ ਕਰਨ ਲਈ ਤਕਨਾਲੋਜੀ

ਐਪਲੀਕੇਸ਼ਨ ਪ੍ਰਣਾਲੀਆਂ ਦੀ ਯੋਜਨਾਬੰਦੀ, ਵਿਕਾਸ, ਲਾਗੂ ਕਰਨ ਅਤੇ ਰੱਖ-ਰਖਾਅ, ਬੁਨਿਆਦੀ ਢਾਂਚੇ ਅਤੇ ਸੁਵਿਧਾਵਾਂ, ਪ੍ਰਸ਼ਾਸਨ ਪ੍ਰਣਾਲੀਆਂ, ਸੰਚਾਲਨ ਸੰਚਾਰ ਹੱਲਾਂ ਅਤੇ ਸੰਚਾਲਨ ਪ੍ਰਣਾਲੀਆਂ ਨੂੰ ਕਵਰ ਕਰਨ ਲਈ ਜ਼ਿੰਮੇਵਾਰ ਹੈ।

ਸੰਚਾਰ ਸ਼ਾਖਾ ਰੇਡੀਓ, ਵੀਡੀਓ, ਨੈਵੀਗੇਸ਼ਨਲ ਏਡਜ਼, ਸਪੀਡ ਡਿਟੈਕਸ਼ਨ ਰਡਾਰ, ਮੋਬਾਈਲ ਫੋਨ, ਦਫਤਰੀ ਟੈਲੀਫੋਨ ਅਤੇ ਫਾਇਰਿੰਗ ਰੇਂਜ ਸਾਜ਼ੋ-ਸਾਮਾਨ ਸਮੇਤ ਸਾਰੇ ਫੋਰਸ ਸੰਚਾਰ ਨੈੱਟਵਰਕਾਂ ਅਤੇ ਸਾਜ਼ੋ-ਸਾਮਾਨ ਨੂੰ ਡਿਜ਼ਾਈਨ, ਹਾਸਲ, ਰੱਖ-ਰਖਾਅ ਅਤੇ ਵਿਕਸਿਤ ਕਰਦੀ ਹੈ। ਇਹ ਸੂਚਨਾ ਅਤੇ ਸੰਚਾਰ ਨੈੱਟਵਰਕ ਪ੍ਰਬੰਧਨ ਕੇਂਦਰ ਵੀ ਚਲਾਉਂਦੀ ਹੈ , ਜੋ ਫੋਰਸ ਜਾਣਕਾਰੀ ਅਤੇ ਸੰਚਾਰ ਸਹੂਲਤਾਂ ਨੂੰ 24/7 ਐਮਰਜੈਂਸੀ ਸਹਾਇਤਾ ਪ੍ਰਦਾਨ ਕਰਦਾ ਹੈ।

ਸਰਵਿਸ ਕੁਆਲਿਟੀ ਵਿੰਗ ਜਨਤਾ ਅਤੇ ਫੋਰਸ ਦੇ ਮੈਂਬਰਾਂ ਦੋਵਾਂ ਨੂੰ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਪਹਿਲਕਦਮੀਆਂ ਦੀ ਅਗਵਾਈ ਕਰਨ ਅਤੇ ਫੋਰਸ ਵਿੱਚ ਸੇਵਾ ਪ੍ਰਦਾਨ ਕਰਨ ਅਤੇ ਗੁਣਵੱਤਾ ਪ੍ਰਬੰਧਨ ਉੱਤਮਤਾ ਨੂੰ ਚਲਾਉਣ ਲਈ ਜ਼ਿੰਮੇਵਾਰ ਹੈ। ਵਿੰਗ ਵਿੱਚ ਤਿੰਨ ਸ਼ਾਖਾਵਾਂ ਸ਼ਾਮਲ ਹਨ: ਕਾਰਗੁਜ਼ਾਰੀ ਸਮੀਖਿਆ ਸ਼ਾਖਾ (PRB), ਖੋਜ ਅਤੇ ਨਿਰੀਖਣ ਸ਼ਾਖਾ (RIB) ਅਤੇ ਸ਼ਿਕਾਇਤਾਂ ਅਤੇ ਅੰਦਰੂਨੀ ਜਾਂਚ ਸ਼ਾਖਾ (C&IIB)।

PRB ਫੋਰਸ ਰਣਨੀਤਕ ਪ੍ਰਬੰਧਨ ਰੂਪਰੇਖਾ ਨੂੰ ਵਿਕਸਤ ਕਰਨ, ਚੱਕਰੀ ਰਣਨੀਤਕ ਦਿਸ਼ਾ ਨਿਰਦੇਸ਼ਾਂ ਅਤੇ ਰਣਨੀਤਕ ਕਾਰਵਾਈ ਯੋਜਨਾਵਾ ਲਈ ਸਟਾਫ ਬਣਾਉਣ, ਫੋਰਸ ਦੇ ਮੁੱਲਾਂ ਨੂੰ ਉਤਸ਼ਾਹਿਤ ਕਰਨ ਅਤੇ ਸੇਵਾ ਦੀ ਗੁਣਵੱਤਾ 'ਤੇ ਫੋਰਸ ਰਣਨੀਤੀ ਨੂੰ ਲਾਗੂ ਕਰਨ ਲਈ ਜ਼ਿੰਮੇਵਾਰ ਹੈ।

RIB ਸਾਰੀਆਂ ਆਮ ਨਿਰੀਖਣ ਗਤੀਵਿਧੀਆਂ ਦੇ ਤਾਲਮੇਲ ਦੇ ਨਾਲ-ਨਾਲ ਉਹਨਾਂ ਮੁੱਦਿਆਂ 'ਤੇ ਥੀਮੈਟਿਕ ਅਧਿਐਨ ਕਰਨ ਲਈ ਜ਼ਿੰਮੇਵਾਰ ਹੈ ਜੋ ਫੋਰਸ ਦੇ ਸੰਚਾਲਨ, ਪ੍ਰਬੰਧਨ ਅਤੇ ਅਕਸ 'ਤੇ ਪ੍ਰਭਾਵ ਪਾ ਸਕਦੇ ਹਨ।

C&IIB ਵਿੱਚ ਪੁਲਿਸ ਦਫਤਰ (CAPO), ਅੰਦਰੂਨੀ ਜਾਂਚ ਦਫਤਰ (IIO) ਅਤੇ ਇੰਟੈਗਰਿਟੀ ਆਡਿਟ ਐਕਸ਼ਨ ਗਰੁੱਪ (IAAG) ਦੇ ਖਿਲਾਫ ਸ਼ਿਕਾਇਤਾਂ ਸ਼ਾਮਲ ਹਨ। CAPO ਫੋਰਸ ਦੇ ਮੈਂਬਰਾਂ ਵਿਰੁੱਧ ਜਨਤਾ ਦੁਆਰਾ ਕੀਤੀਆਂ ਸਾਰੀਆਂ ਸ਼ਿਕਾਇਤਾਂ ਦੀ ਜਾਂਚ ਅਤੇ ਪੈਰਵਾਈ ਦੀ ਕਾਰਵਾਈ ਲਈ ਜ਼ਿੰਮੇਵਾਰ ਹੈ। CAPO ਦੀ ਜਾਂਚ ਅਤੇ ਰਿਪੋਰਟ ਕਰਨ ਯੋਗ ਸ਼ਿਕਾਇਤਾਂ ਦੇ ਪ੍ਰਬੰਧਨ ਨੂੰ ਸੁਤੰਤਰ ਪੁਲਿਸ ਸ਼ਿਕਾਇਤ ਕੌਂਸਲ ਦੁਆਰਾ ਦੇਖਿਆ ਜਾਂਦਾ ਹੈ , ਨਿਗਰਾਨੀ ਕੀਤੀ ਅਤੇ ਸਮੀਖਿਆ ਕੀਤੀ ਜਾਂਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਪੁਲਿਸ ਦੇ ਵਿਰੁੱਧ

ਸਾਰੀਆਂ ਸ਼ਿਕਾਇਤਾਂ ਦੀ ਪੂਰੀ ਅਤੇ ਨਿਰਪੱਖਤਾ ਨਾਲ ਜਾਂਚ ਕੀਤੀ ਗਈ ਹੈ। IIO ਫੋਰਸ ਦੇ ਮੈਂਬਰਾਂ ਦੇ ਖਿਲਾਫ ਗੰਭੀਰ ਦੁਰਵਿਹਾਰ ਅਤੇ ਭ੍ਰਿਸ਼ਟ ਗਤੀਵਿਧੀਆਂ ਦੇ ਦੋਸ਼ਾਂ ਦੀ ਜਾਂਚ ਅਤੇ ਨਿਗਰਾਨੀ ਲਈ ਜ਼ਿੰਮੇਵਾਰ ਹੈ, ਨਾਲ ਹੀ ਨਾਲ ਫੋਰਸ ਦੇ ਮੁੱਲਾਂ ਨੂੰ ਮਜ਼ਬੂਤ ਕਰਨ ਲਈ ਫੋਰਸ ਏਕੀਕ੍ਰਿਤ ਇਕਸਾਰਤਾ ਪ੍ਰਬੰਧਨ ਰੂਪਰੇਖਾ ਦੇ ਪ੍ਰਚਾਰ ਲਈ ਵੀ ਜਿੰਮੇਵਾਰ ਹੈ। IAAG ਫੋਰਸ ਦੇ ਮੈਂਬਰਾਂ ਨੂੰ ਸ਼ਾਮਲ ਕਰਨ ਵਾਲੀਆਂ ਗੰਭੀਰ ਦੁਰਵਿਹਾਰਾਂ ਅਤੇ ਗੈਰ-ਕਾਨੂੰਨੀ ਗਤੀਵਿਧੀਆਂ ਦੇ ਵਿਰੁੱਧ ਸਰਗਰਮ ਜਾਂਚ ਕਰਦਾ ਹੈ, ਸਮੇਂ ਸਿਰ ਡਿਊਟੀ-ਸਬੰਧਤ ਪ੍ਰਣਾਲੀਗਤ ਜੋਖਮਾਂ ਦੀ ਪਛਾਣ ਕਰਦਾ ਹੈ ਅਤੇ ਸੁਧਾਰਦਾ ਹੈ, ਅਤੇ ਨਿਗਰਾਨੀ ਦੀ ਜਵਾਬਦੇਹੀ ਨੂੰ ਵਧਾਉਂਦਾ ਹੈ।

**ਵਿੱਤ, ਪ੍ਰਸ਼ਾਸਨ ਅਤੇ ਯੋਜਨਾ:** ਵਿੱਤ ਵਿੰਗ ਵਿੱਤੀ ਪ੍ਰਬੰਧਨ, ਫੋਰੈਂਸਿਕ ਲੇਖਾਕਾਰੀ ਅਤੇ ਸਹਾਇਤਾ ਸੇਵਾਵਾਂ, ਸਟੋਰ ਪ੍ਰਬੰਧਨ ਅਤੇ ਫੋਰਸ ਦੇ ਅੰਦਰੂਨੀ ਆਡਿਟ ਲਈ ਜ਼ਿੰਮੇਵਾਰ ਹੈ। ਪ੍ਰਸ਼ਾਸਨਿਕ ਵਿੰਗ ਸਿਵਲ ਸਟਾਫ਼ ਅਤੇ ਫੋਰਸ ਸਥਾਪਨਾ ਮਾਮਲਿਆਂ ਦੇ ਪ੍ਰਬੰਧਨ ਨੂੰ ਦੇਖਦਾ ਹੈ। ਯੋਜਨਾ ਅਤੇ ਵਿਕਾਸ ਸ਼ਾਖਾ (ਪੀ ਐਂਡ ਡੀ) ਫੋਰਸ ਦੀ ਰਣਨੀਤਕ ਜਾਇਦਾਦ ਦੀ ਯੋਜਨਾਬੰਦੀ ਲਈ ਜ਼ਿੰਮੇਵਾਰ ਹੈ। P&D ਜਨਤਕ ਉਮੀਦਾਂ ਨੂੰ ਪੂਰਾ ਕਰਨ ਅਤੇ ਹਾਂਗਕਾਂਗ ਵਿੱਚ ਬੁਨਿਆਦੀ ਢਾਂਚੇ ਦੇ ਵਿਕਾਸ ਅਤੇ ਆਬਾਦੀ ਦੇ ਵਾਧੇ ਅਤੇ ਫੋਰਸ ਦੀਆਂ ਸੰਚਾਲਨ ਲੋੜਾਂ ਦੀ ਨਿਗਰਾਨੀ ਦੁਆਰਾ ਟਿਕਾਊ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਮੌਜੂਦਾ ਅਤੇ ਭਵਿੱਖ ਦੀਆਂ ਪੁਲਿਸ ਇਮਾਰਤਾਂ ਅਤੇ ਸਹੂਲਤਾਂ ਦੀ ਯੋਜਨਾ ਬਣਾਉਂਦਾ ਹੈ ਅਤੇ ਵਿਕਸਿਤ ਕਰਦਾ ਹੈ। ਇਹ ਸਾਰੀਆਂ ਮੌਜੂਦਾ ਪੁਲਿਸ ਇਮਾਰਤਾਂ ਅਤੇ ਸਹੂਲਤਾਂ ਲਈ ਵੱਡੇ ਪੱਧਰ 'ਤੇ ਰੱਖ-ਰਖਾਅ ਅਤੇ ਸੁਧਾਰ ਪ੍ਰੋਗਰਾਮਾਂ ਦੀ ਵੀ ਨਿਗਰਾਨੀ ਕਰਦਾ ਹੈ ਤਾਂ ਜੋ ਉਚਿਤ ਰੱਖ-ਰਖਾਅ ਨੂੰ ਯਕੀਨੀ ਬਣਾਇਆ ਜਾ ਸਕੇ ਅਤੇ ਉਨ੍ਹਾਂ ਦੀ ਗੁਣਵੱਤਾ, ਮਿਆਰ, ਸੁਰੱਖਿਆ ਅਤੇ ਸੰਚਾਲਨ ਕੁਸ਼ਲਤਾ ਨੂੰ ਵਧਾਇਆ ਜਾ ਸਕੇ।

ਰਾਸ਼ਟਰੀ ਸੁਰੱਖਿਆ: ਰਾਸ਼ਟਰੀ ਸੁਰੱਖਿਆ ਵਿਭਾਗ (ਐੱਨ. ਐੱਸ. ਡੀ.) ਰਾਸ਼ਟਰੀ ਸੁਰੱਖਿਆ ਸੰਬੰਧੀ ਖੁਫੀਆ ਜਾਣਕਾਰੀ ਇਕੱਠੀ ਕਰਨ ਅਤੇ ਵਿਸ਼ਲੇਸ਼ਣ ਕਰਨ ਲਈ ਅਤੇ ਰਾਸ਼ਟਰੀ ਸੁਰੱਖਿਆ ਨਾਲ ਸਬੰਧਿਤ ਜਾਣਕਾਰੀ ; ਰਾਸ਼ਟਰੀ ਸੁਰੱਖਿਆ ਦੀ ਰਾਖੀ ਲਈ ਉਪਾਵਾਂ ਅਤੇ ਕਾਰਜਾਂ ਦੀ ਯੋਜਨਾਬੰਦੀ, ਤਾਲਮੇਲ ਅਤੇ ਲਾਗੂ ਕਰਨਾ; ਰਾਸ਼ਟਰੀ ਸੁਰੱਖਿਆ ਨੂੰ ਖਤਰੇ ਵਿੱਚ ਪਾਉਣ ਵਾਲੇ ਅਪਰਾਧਾਂ ਦੀ ਜਾਂਚ ਕਰਨਾ; ਦਖਲ ਵਿਰੋਧੀ ਜਾਂਚ ਅਤੇ ਰਾਸ਼ਟਰੀ ਸੁਰੱਖਿਆ ਸਮੀਖਿਆ ਕਰਵਾਉਣਾ; HKSAR ਦੀ ਰਾਸ਼ਟਰੀ ਸੁਰੱਖਿਆ ਦੀ ਸੁਰੱਖਿਆ ਲਈ ਕਮੇਟੀ ਦੁਆਰਾ ਨਿਰਧਾਰਤ ਰਾਸ਼ਟਰੀ ਸੁਰੱਖਿਆ ਦੀ ਸੁਰੱਖਿਆ ਦੇ ਕੰਮਾਂ ਨੂੰ ਪੂਰਾ ਕਰਨਾ; ਅਤੇ ਰਾਸ਼ਟਰੀ ਸੁਰੱਖਿਆ ਕਾਨੂੰਨ ਨੂੰ ਲਾਗੂ ਕਰਨ ਲਈ ਜ਼ਰੂਰੀ ਹੋਰ ਕਰਤੱਵਾਂ ਅਤੇ ਕਾਰਜਾਂ ਨੂੰ ਨਿਭਾਉਣ ਲਈ ਜਿੰਮੇਵਾਰ ਹੈ ।

ਰਾਸ਼ਟਰੀ ਸੁਰੱਖਿਆ ਸੰਬੰਧੀ ਜਾਣਕਾਰੀ ਪ੍ਰਦਾਨ ਕਰਨ ਜਾਂ ਮਾਮਲਿਆਂ ਦੀ ਰਿਪੋਰਟ ਕਰਨ ਲਈ ਜਨਤਾ ਲਈ ਇੱਕ ਹੌਟਲਾਈਨ ਦਾ ਸੰਚਾਲਨ ਕਰਦੇ ਹੋਏ, NSD ਨੇ ਰਾਸ਼ਟਰੀ ਸੁਰੱਖਿਆ-ਸੰਬੰਧੀ ਜਾਣਕਾਰੀ ਦੇ ਪ੍ਰਸਾਰ ਲਈ 1 ਅਗਸਤ 2022 ਨੂੰ ਇੱਕ WeChat ਅਧਿਕਾਰਤ ਖਾਤਾ ਬਣਾਇਆ। ਹਾਟਲਾਈਨ ਦੇ ਸ਼ੁਰੂ ਹੋਣ ਤੋਂ ਬਾਅਦ 500 000 ਤੋਂ ਵੱਧ ਜਾਣਕਾਰੀ ਪ੍ਰਾਪਤ ਕੀਤੀ ਗਈ ਹੈ।